


ਰੋਜ਼ਾਨਾ ਸੱਚ ਤੇ ਨਿਡਰ ਆਵਾਜ਼

# ਲੋਕ ਬਾਣੀ

Email : lokbani08@gmail.com | ਸ਼ਨਿਚਰਵਾਰ, 19 ਅਗਸਤ 2023 | ਮੁੱਖ ਸੰਪਾਦਕ - ਅਮਨ ਮਹਿਰਾ | (ਜਲੰਧਰ)

ਅਦਾਰਾ ਰੋਜ਼ਾਨਾ ਅਖ਼ਬਾਰ 'ਲੋਕ ਬਾਣੀ' ਨੂੰ ਸੰਗਰੂਰ ਤੇ ਮਾਨਸਾ, ਬੁਢਲਾਡਾ, ਬਰੇਟਾ, ਬੋਹਾ, ਭੀਖੀ, ਸਰਦੂਲਗੜ੍ਹ ਤੇ ਮੰਡ ਤੋ ਪੱਤਰਕਾਰਾਂ ਦੀ ਜ਼ਰੂਰਤ ਹੈ। ਪੱਤਰਕਾਰ ਬਣਨ ਲਈ ਸਾਡੇ ਜਿਲਾ ਇੰਚਾਰਜ ਕੁਲਵਿੰਦਰ ਸਿੰਘ ਨਾਲ ਸੰਪਰਕ ਕਰੋ।
ਮੋ :- 8427868078

R.N.I. Punpun/29016/2008 ✲ ਸਾਲ : 15 ✲ ਅੰਕ : 163 ✲ ਮੁੱਲ : 5.00 ਰੁਪਏ ✲ ਕੁੱਲ ਪੇਜ਼ : 10 ✲ ਫੈਕਸ : 0181-2211009 ✲ M. 99155-94111



## ਸਰਕਾਰ ਨੇ ਪੂਰੇ ਹਿਮਾਚਲ ਨੂੰ

# ਕੁਦਰਤੀ ਆਫਤ ਵਾਲਾ ਖੇਤਰ ਐਲਾਨਿਆ

• **ਸ਼ਿਮਲਾ** : ਹਿਮਾਚਲ ਪ੍ਰਦੇਸ਼ ਸਰਕਾਰ ਨੇ ਪੂਰੇ ਸੂਬੇ ਨੂੰ 'ਕੁਦਰਤੀ ਆਫ਼ਤ ਪ੍ਰਭਾਵਿਤ ਇਲਾਕਾ' ਐਲਾਨ ਦਿੱਤਾ ਹੈ। ਹਿਮਾਚਲ ਪ੍ਰਦੇਸ਼ ਵਿਚ ਮੀਂਹ ਨੇ ਤਬਾਹੀ ਮਚਾ ਦਿੱਤੀ ਹੈ, ਜਿਸ ਵਿਚ ਪਿਛਲੇ ਕੁਝ ਦਿਨਾਂ ਵਿਚ 70 ਤੋਂ ਵੱਧ ਲੋਕਾਂ ਦੀ ਮੌਤ ਹੋ ਗਈ ਹੈ। ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਦੀ ਅਗਵਾਈ ਵਾਲੀ ਸਰਕਾਰ ਨੇ ਪੂਰੇ ਰਾਜ ਨੂੰ 'ਕੁਦਰਤੀ ਆਫ਼ਤ ਪ੍ਰਭਾਵਿਤ ਖੇਤਰ' ਵਜੋਂ ਐਲਾਨ ਦਿੱਤਾ ਹੈ। ਲਗਾਤਾਰ ਮੀਂਹ, ਅਚਾਨਕ ਹੜ੍ਹਾਂ, ਬੱਦਲ ਫਟਣ, ਜ਼ਮੀਨ ਖਿਸਕਣ ਅਤੇ ਢਲਾਣ ਦੀ ਅਸਫਲਤਾ ਕਾਰਨ ਜਾਨਾਂ ਅਤੇ ਜਾਇਦਾਦ ਨੂੰ ਭਾਰੀ ਨੁਕਸਾਨ ਪੁੱਜਾ ਹੈ।

# ਪੰਜਾਬ 'ਚ ਹੜ੍ਹ ਦੇ ਮੱਦੇਨਜ਼ਰ ਸਕੂਲਾਂ 'ਚ ਛੁੱਟੀਆਂ ਦਾ ਐਲਾਨ



• **ਚੰਡੀਗੜ੍ਹ**

ਸੂਬੇ ਦੇ ਕਈ ਇਲਾਕਿਆਂ 'ਚ ਅਜੇ ਵੀ ਹੜ੍ਹ ਦੇ ਹਾਲਾਤ ਬਣੇ ਹੋਏ ਹਨ। ਇਸ ਵਿਚਾਲੇ ਜ਼ਿਲ੍ਹਾ ਫਿਰੋਜ਼ਪੁਰ ਅਤੇ ਸ੍ਰੀ ਅਨੰਦਪੁਰ ਸਾਹਿਬ ਦੇ ਕੁਝ ਸਕੂਲਾਂ ਵਿਚ ਛੁੱਟੀਆਂ ਦਾ ਐਲਾਨ ਕਰ ਦਿੱਤਾ ਗਿਆ ਹੈ। ਇਸ ਸਬੰਧੀ ਜਾਰੀ ਹੁਕਮਾਂ ਵਿਚ ਕਿਹਾ ਗਿਆ ਹੈ ਕਿ ਕੁਝ ਸਕੂਲਾਂ ਵਿਚ ਪਾਣੀ ਭਰ ਚੁੱਕਿਆ ਹੈ। ਸੜਕਾਂ ਉੱਪਰ ਖੜ੍ਹੇ ਪਾਣੀ ਕਾਰਨ ਸਕੂਲ ਪਹੁੰਚਣ ਦਾ ਕੋਈ ਰਸਤਾ ਵੀ ਨਹੀਂ ਬਚਿਆ। ਇਸ ਕਾਰਨ ਇਲਾਕੇ ਦੇ ਕੁਝ ਸਕੂਲਾਂ ਨੂੰ ਬੰਦ ਰੱਖਣ ਦਾ ਫ਼ੈਸਲਾ ਕੀਤਾ ਗਿਆ ਹੈ। ਜ਼ਿਲ੍ਹਾ ਫਿਰੋਜ਼ਪੁਰ ਦੇ ਕੁਝ ਸਕੂਲਾਂ ਵਿਚ 19 ਤੋਂ 26 ਅਗਸਤ ਤਕ ਛੁੱਟੀਆਂ ਦਾ ਐਲਾਨ ਕੀਤਾ ਗਿਆ ਹੈ। ਜ਼ਿਲ੍ਹਾ ਮੈਜੀਸਟਰੇਟ ਰਾਜੇਸ਼ ਧੀਮਾਨ ਵੱਲੋਂ ਜਾਰੀ ਹੁਕਮਾਂ ਮੁਤਾਬਕ ਇਲਾਕੇ ਦੇ 19 ਸਕੂਲ 26 ਅਗਸਤ ਤਕ ਬੰਦ ਰਹਿਣਗੇ।



## ਬੰਬ ਦੀ ਧਮਕੀ ਕਾਰਨ ਰੋਕਿਆ ਗਿਆ

# ਦਿੱਲੀ ਤੋਂ ਪੁਣੇ ਵਿਸਤਾਰਾ ਜਹਾਜ਼

• **ਨਵੀਂ ਦਿੱਲੀ**

ਇਥੇ ਜੀਐੱਮਆਰ ਗਰੁੱਪ ਵੱਲੋਂ ਚਲਾਏ ਜਾ ਰਹੇ ਕਾਲ ਸੈਂਟਰ ਨੂੰ ਦਿੱਲੀ-ਪੁਣੇ ਵਿਸਤਾਰਾ ਉਡਾਣ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਮਿਲਣ ਬਾਅਦ ਜਹਾਜ਼ ਦੀ ਤਲਾਸ਼ੀ ਲਈ ਗਈ। ਧਮਕੀ ਉਸ ਵੇਲੇ ਮਿਲੀ ਜਦੋਂ ਅੱਜ ਸਵੇਰੇ ਜਹਾਜ਼ ਦਿੱਲੀ ਹਵਾਈ ਅੱਡੇ ਤੋਂ ਉੱਡਣ ਵਾਲਾ ਸੀ। ਸੁਰੱਖਿਆ ਏਜੰਸੀਆਂ ਵੱਲੋਂ ਜਦੋਂ ਜਹਾਜ਼ ਦੀ ਤਲਾਸ਼ੀ ਲਈ ਤਾਂ ਉਸ ਵਿਚੋਂ ਕੁੱਝ ਵੀ ਸ਼ੱਕੀ ਨਹੀਂ ਮਿਲਿਆ। ਯੂਕੇ-971 ਦਿੱਲੀ ਤੋਂ ਪੁਣੇ ਦੀ ਉਡਾਣ ਨੂੰ ਸਵੇਰੇ 8:30 ਵਜੇ ਰਵਾਨਗੀ ਲਈ ਨਿਰਧਾਰਤ ਕੀਤਾ ਗਿਆ ਸੀ। ਜਹਾਜ਼ 'ਚ 100 ਤੋਂ ਵੱਧ ਯਾਤਰੀ ਸਵਾਰ ਸਨ ਅਤੇ ਸਾਰੇ ਯਾਤਰੀਆਂ ਦਾ ਸਾਮਾਨ ਉਤਾਰ ਦਿੱਤਾ ਗਿਆ। ਯਾਤਰੀ ਫਿਲਹਾਲ ਟਰਮੀਨਲ ਬਿਲਡਿੰਗ ਵਿੱਚ ਹਨ ਅਤੇ ਉਨ੍ਹਾਂ ਨੂੰ ਰਿਫਰੈਸ਼ਮੈਂਟ ਦਿੱਤੀ ਗਈ ਹੈ। ਜਦੋਂ ਤੱਕ ਸੁਰੱਖਿਆ ਏਜੰਸੀਆਂ ਹਰੀ ਝੰਡੀ ਨਹੀਂ ਦਿੰਦੀਆਂ ਅਤੇ ਉਡਾਣ ਰਵਾਨਾ ਨਹੀਂ ਕੀਤੀ ਜਾਵੇਗੀ।

# ਪਾਕਿਸਤਾਨ ਦੇ ਨਵੇਂ ਪ੍ਰਧਾਨ ਮੰਤਰੀ ਦਾ ਬਿਆਨ ਜਲਦ ਹੋਣਗੀਆਂ ਨਿਰਪੱਖ ਚੌਣਾ



• **ਇਸਲਾਮਾਬਾਦ**

ਪਾਕਿਸਤਾਨ ਦੇ ਕਾਰਜਕਾਰੀ ਪ੍ਰਧਾਨ ਮੰਤਰੀ ਅਨਵਰ-ਉਲ-ਹੱਕ ਕੱਕੜ ਨੇ ਅਹੁਦੇ ਦਾ ਕਾਰਜਭਾਲ ਸੰਭਾਲਣ ਤੋਂ ਕੁਝ ਦਿਨ ਬਾਅਦ ਅਮਰੀਕਾ ਨੂੰ ਦੇਸ਼ ਅੰਦਰ ਆਜ਼ਾਦ ਤੇ ਨਿਰਪੱਖ ਚੋਣਾਂ ਕਰਵਾਉਣ ਦਾ ਭਰੋਸਾ ਦਿੱਤਾ ਹੈ। ਪਾਕਿਸਤਾਨ 'ਚ ਆਉਣ ਵਾਲੇ ਦਿਨਾਂ ਅੰਦਰ ਆਮ ਚੋਣਾਂ ਹੋਣ ਦੀ ਸੰਭਾਵਨਾ ਹੈ ਅਤੇ ਕੌਮੀ ਅਸੈਂਬਲੀ ਦਾ ਕਾਰਜਕਾਲ 12 ਅਗਸਤ ਨੂੰ ਖਤਮ ਹੋ ਗਿਆ ਹੈ। ਕੱਕੜ ਨੇ ਬੁੱਧਵਾਰ ਦੇਰ ਰਾਤ ਟਵੀਟ ਕੀਤਾ, 'ਅੰਤਰਿਮ ਸਰਕਾਰ ਪਾਕਿਸਤਾਨ 'ਚ ਸੰਵਿਧਾਨ ਅਨੁਸਾਰ ਆਜ਼ਾਦ ਤੇ ਨਿਰਪੱਖ ਚੋਣਾਂ ਕਰਵਾਉਣ ਲਈ ਪੂਰੀ ਮਿਹਨਤ ਨਾਲ ਕੰਮ ਕਰੇਗੀ।' ਉਨ੍ਹਾਂ ਦਾ ਟਵੀਟ ਅਮਰੀਕੀ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਦੇ ਵਧਾਈ ਸੰਦੇਸ਼ ਦੇ ਜਵਾਬ ਵਿੱਚ ਆਇਆ ਹੈ ਜਦੋਂ ਪਹਿਲੀ ਵਾਰ ਸੈਨੇਟਰ ਬਣੇ ਕੱਕੜ ਨੂੰ 12 ਅਗਸਤ ਨੂੰ ਪਾਕਿਸਤਾਨ ਦਾ ਕਾਰਜਕਾਰੀ ਪ੍ਰਧਾਨ ਮੰਤਰੀ ਨਿਯੁਕਤ ਕੀਤਾ ਗਿਆ ਹੈ।

# ਜਲੰਧਰ 'ਚ ਪੱਤਰਕਾਰ ਨੇ ਕੀਤੀ ਖੁਦਕੁਸ਼ੀ, ਕਈ ਪੱਤਰਕਾਰਾਂ ਤੇ ਲੱਗੇ ਦੋਸ਼



• **ਜਲੰਧਰ/ਰਾਕੇਸ਼ ਵਰਮਾ**

ਸਾਂਝ ਟੀਵੀ ਚੈਨਲ ਦੇ ਸੰਪਾਦਕ ਅਤੇ ਪੱਤਰਕਾਰ ਰਵੀ ਗਿੱਲ ਦਾ ਦੇਹਾਂਤ ਹੋ ਗਿਆ ਹੈ। ਦੱਸਿਆ ਜਾ ਰਿਹਾ ਹੈ ਕਿ ਰਵੀ ਨੇ ਕੋਈ ਜ਼ਹਿਰੀਲੀ ਚੀਜ਼ ਖਾ ਲਈ, ਜਿਸ ਕਾਰਨ ਉਸ ਦੀ ਮੌਤ ਹੋ ਗਈ। ਰਵੀ ਦੀ ਮੌਤ ਕਾਰਨ ਪੱਤਰਕਾਰ ਜਗਤ ਵਿੱਚ ਸੋਗ ਦੀ ਲਹਿਰ ਹੈ। ਇੱਕ ਵੈੱਬ ਚੈਨਲ ਨੂੰ ਦਿੱਤੇ ਇਸੇ ਇੰਟਰਵਿਊ ਵਿੱਚ ਰਵੀ ਗਿੱਲ ਦੇ ਭਰਾ ਰਾਮ ਨੇ ਜਲੰਧਰ ਦੇ ਕੁਝ ਪੱਤਰਕਾਰਾਂ ਨੂੰ ਰਵੀ ਗਿੱਲ ਦੀ ਮੌਤ ਦਾ ਕਾਰਨ ਦੱਸਿਆ। ਵੀਡੀਓ 'ਚ ਰਵੀ ਗਿੱਲ ਦੇ ਭਰਾ ਨੇ ਸਪੱਸ਼ਟ ਤੌਰ 'ਤੇ 3 ਤੋਂ 4 ਪੱਤਰਕਾਰਾਂ ਦੇ ਨਾਂ ਲਏ ਹਨ। ਉਨ੍ਹਾਂ ਕਿਹਾ ਕਿ ਕੁਝ ਪੱਤਰਕਾਰ ਰਵੀ ਗਿੱਲ ਤੋਂ 10 ਕਰੋੜ ਰੁਪਏ ਦੀ ਮੰਗ ਕਰਕੇ ਬਲੈਕਮੇਲ ਕਰ ਰਹੇ ਸਨ, ਜਿਸ ਤੋਂ ਤੰਗ ਆ ਕੇ ਅੱਜ ਰਵੀ ਗਿੱਲ ਨੇ ਇਹ ਕਦਮ ਚੁੱਕਿਆ। ਰਵੀ ਗਿੱਲ ਦੇ ਭਰਾ ਨੇ ਦੱਸਿਆ ਕਿ ਉਸ ਕੋਲ ਇੱਕ ਸੁਸਾਈਡ ਨੋਟ ਹੈ ਜਿਸ ਵਿੱਚ ਇਨ੍ਹਾਂ ਚਾਰ ਪੱਤਰਕਾਰਾਂ ਦੇ ਨਾਂ ਹਨ। ਪੱਤਰਕਾਰ ਰਵੀ ਗਿੱਲ ਦੇ ਭਰਾ ਨੇ ਦੋਸ਼ ਲਾਇਆ ਕਿ ਪ੍ਰਸ਼ਾਸਨ ਦਾ ਕੋਈ ਉੱਚ ਅਧਿਕਾਰੀ ਅਜੇ ਤੱਕ ਮਾਮਲੇ ਦੀ ਸਾਰ ਲੈਣ ਨਹੀਂ ਆਇਆ।

# ਪੰਜਾਬ ਵਿੱਚ ਫਿਰ ਹੋਈ ਲੁੱਟ

**ਅਮ੍ਰਿਤਸਰ/ਵਿਰਦੀ** : ਸਥਾਨਕ ਕਸਬਾ ਚਮਿਆਰੀ (ਅੰਮ੍ਰਿਤਸਰ) ਵਿਖੇ ਫਾਇਨਾਂਸ ਦਾ ਕੰਮ ਕਰਦੇ ਨਿਰਮਲ ਸਿੰਘ ਫ਼ਤਹਿਗੜ੍ਹ ਚੂੜੀਆਂ ਕੋਲੋਂ ਮੋਟਰਸਾਈਕਲ ਸਵਾਰ 3 ਲੁਟੇਰੇ ਇਕ ਲੱਖ ਬਾਈ ਹਜ਼ਾਰ ਲੁੱਟ ਕੇ ਫ਼ਰਾਰ ਹੋ ਗਏ, ਮੌਕੇ 'ਤੇ ਐਸ. ਐਚ. ਓ. ਅਜਨਾਲਾ ਮੁਖਤਿਆਰ ਸਿੰਘ ਤੇ ਚੌਕੀ ਇੰਚਾਰਜ ਗੁਰਦੇਵ ਸਿੰਘ ਨੇ ਪਹੁੰਚ ਕੇ ਤਫ਼ਤੀਸ਼ ਸ਼ੁਰੂ ਕਰ ਦਿੱਤੀ ਹੈ।

# ਅਮਰੀਕਾ ਤੋ ਜਲਦ ਲਿਆਂਦਾ ਜਾਵੇਗਾ ਮੁੰਬਈ ਹਮਲੇ ਦਾ ਦੋਸ਼ੀ



**ਵਾਸ਼ਿੰਗਟਨ** : ਅਮਰੀਕਾ ਦੀ ਅਦਾਲਤ ਨੇ 2008 ਦੇ ਮੁੰਬਈ ਅਤਿਵਾਦੀ ਹਮਲਿਆਂ ਦੇ ਦੋਸ਼ੀ ਪਾਕਿਸਤਾਨੀ ਮੂਲ ਦੇ ਕੈਨੇਡੀਅਨ ਕਾਰੋਬਾਰੀ ਤਹੱਵੁਰ ਰਾਣਾ ਦੀ ਪਟੀਸ਼ਨ ਰੱਦ ਕਰ ਦਿੱਤੀ ਹੈ, ਜਿਸ ਨਾਲ ਉਸ ਨੂੰ ਭਾਰਤ ਹਵਾਲੇ ਕਰਨ ਲਈ ਅਮਰੀਕੀ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਵੱਲੋਂ ਸਰਟੀਫਿਕੇਟ ਜਾਰੀ ਕਰਨ ਦਾ ਰਾਹ ਪੱਧਰਾ ਹੋ ਗਿਆ ਹੈ। 10 ਅਗਸਤ ਦੇ ਹੁਕਮ ਵਿੱਚ ਕੋਲੰਬੀਆ ਦੇ ਸੈਂਟਰਲ ਡਿਸਟ੍ਰਿਕਟ ਆਫ਼ ਕੋਲੰਬੀਆ ਵਿੱਚ ਯੂਨਾਈਟਿਡ ਸਟੇਟ ਡਿਸਟ੍ਰਿਕਟ ਆਫ਼ ਕੋਲੰਬੀਆ ਦੇ ਜੱਜ ਡੇਲ ਐੱਸ. ਫਿਸ਼ਰ ਨੇ ਲਿਖਿਆ, 'ਇੱਕ ਵੱਖਰੇ ਹੁਕਮ ਵਿੱਚ ਅਦਾਲਤ ਨੇ ਤਹੱਵੁਰ ਰਾਣਾ ਦੀ ਪਟੀਸ਼ਨ ਨੂੰ ਖਾਰਜ ਕਰ ਦਿੱਤਾ।

# ਪੰਜਾਬ ਪੁਲਿਸ ਦਾ ਵੱਡਾ ਅਧਿਕਾਰੀ ਕੋਰਟ ਨੇ ਕੀਤਾ ਭਗੋੜਾ ਕਰਾਰ



**ਚੰਡੀਗੜ੍ਹ/ਵਿਨੋਦ ਸ਼ਰਮਾ** : ਪੰਜਾਬ ਪੁਲੀਸ ਦੇ ਬਰਖ਼ਾਸਤ ਏਆਈਜੀ ਰਾਜਜੀਤ ਸਿੰਘ ਦੀਆਂ ਮੁਸ਼ਕਲਾਂ ਲਗਾਤਾਰ ਵਧਦੀਆਂ ਜਾ ਰਹੀਆਂ ਹਨ। ਨਸ਼ਾ ਤਸਕਰੀ ਮਾਮਲੇ ਵਿੱਚ ਮੁਹਾਲੀ ਦੀ ਵਿਸ਼ੇਸ਼ ਅਦਾਲਤ ਨੇ ਅੱਜ ਉਸ ਨੂੰ ਭਗੌੜਾ ਕਰਾਰ ਦੇ ਦਿੱਤਾ ਹੈ। ਉਹ ਕਾਫੀ ਸਮੇਂ ਤੋਂ ਪੁਲੀਸ ਦੀ ਗ੍ਰਿਫ਼ਤ ਤੋਂ ਬਾਹਰ ਹੈ।

JSDC GROUP
ਜਲੰਧਰ ਸਕਿਲ ਡਿਵੈਲਪਮੈਂਟ ਕਾਰਪੋਰੇਸ਼ਨ®
178, ਪੁਲਿਸ ਲਾਈਨ ਰੋਡ, ਰਣਜੀਤ ਨਗਰ, ਜਲੰਧਰ - ਇੰਡੋ ਕੈਨੇਡੀਅਨ ਬੱਸ ਦਫਤਰ ਦੇ ਨੇੜੇ
82880 21797
82880 21798
ਭਾਰਤ ਸਰਕਾਰ ਦੇ ਵਿਦੇਸ਼ ਮੰਤਰਾਲੇ ਤੋਂ ਮਾਨਤਾ ਪ੍ਰਾਪਤ ਭਰਤੀ ਏਜੰਸੀ | ਲਾਇਸੰਸ ਨੰ: B-1303/PUN/PER/1000+/5/9437/2018
WWW.JSDCGROUP.COM
ਦੁਬਈ, ਕੁਵੈਤ ਅਤੇ ਯੂਰਪ ਦੇ ਦੇਸ਼ਾਂ ਵਿੱਚ ਵਰਕ ਪਰਮਿਟ ਦੀ ਜਾਣਕਾਰੀ ਲਈ ਅੱਗੇ ਦਿੱਤੇ ਨੰਬਰਾਂ 'ਤੇ ਕਾਲ ਕਰੋ ਜਾਂ ਸਾਡੇ ਫੇਸਬੁੱਕ, ਇੰਸਟਾਗ੍ਰਾਮ, ਲਿੰਕਡਇਨ, ਯੂਟਿਊਬ ਅਤੇ ਟਵਿੱਟਰ ਅਕਾਉਂਟਸ ਨੂੰ ਫਾਲੋ ਕਰੋ
JSDC GROUP - INDIA

ਪੰਜਾਬ ਦੇ ਹਰ ਜ਼ਿਲ੍ਹੇ ਤੋਂ ਰੋਜ਼ਾਨਾ ਲੋਕ ਬਾਣੀ ਅਖ਼ਬਾਰ ਲਈ ਪੱਤਰਕਾਰਾਂ ਦੀ ਲੋੜ ਹੈ ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫਤਰ
ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 99155-94111

# ਸ੍ਰੀ ਗੁਰੂ ਰਾਮਦਾਸ ਸੇਵਾ ਸੁਸਾਇਟੀ ਨੂੰ ਸਮਾਜ ਭਲਾਈ ਦੇ ਕਾਰਜਾਂ ਲਈ ਪੰਜਾਬ ਸਰਕਾਰ ਅਤੇ ਜਿਲ੍ਹਾ ਪ੍ਰਸ਼ਾਸਨ ਵੱਲੋਂ ਕੀਤਾ ਸਨਮਾਨਿਤ



• ਸ਼ਹੀਦ ਭਗਤ ਸਿੰਘ ਨਗਰ

ਇਲਾਕੇ ਦੀ ਨਾਮੀ ਸਮਾਜ ਸੇਵੀ ਸੰਸਥਾ ਸ਼੍ਰੀ ਗੁਰੂ ਰਾਮਦਾਸ ਸੇਵਾ ਸੁਸਾਇਟੀ, ਨਵਾਂਸ਼ਹਿਰ ਨੂੰ 15 ਅਗਸਤ ਅਜ਼ਾਦੀ ਦਿਵਸ 'ਤੇ ਆਈ ਟੀ ਆਈ ਗਰਾਂਉਂਡ ਵਿਖੇ ਪੰਜਾਬ ਸਰਕਾਰ ਅਤੇ ਜ਼ਿਲਾ ਪ੍ਰਸ਼ਾਸਨ ਵੱਲੋਂ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਮੰਤਰੀ ਪੰਜਾਬ ਸਰਕਾਰ, ਨਵਜੋਤ ਪਾਲ ਸਿੰਘ ਰੰਧਾਵਾ ਡੀ ਸੀ ਸ਼ਹੀਦ ਭਗਤ ਸਿੰਘ ਨਗਰ, ਐਮ. ਐਲ. ਏ. ਡਾ. ਨਛੱਤਰ ਪਾਲ, ਲਲਿਤ ਮੋਹਨ ਪਾਠਕ, ਗਗਨ ਅਗਨੀਹੋਤਰੀ, ਸਤਨਾਮ ਸਿੰਘ ਜਲਵਾਹਾ ਰਾਂਹੀ ਪਿਛਲੇ ਸੱਤ ਸਾਲਾਂ ਤੋਂ ਸਮਾਜ ਭਲਾਈ ਦੇ ਕਾਰਜਾਂ ਲਈ ਸਨਮਾਨਿਤ ਕੀਤਾ ਗਿਆ ਸ਼੍ਰੀ ਗੁਰੂ ਰਾਮਦਾਸ ਸੇਵਾ ਸੁਸਾਇਟੀ, ਨਵਾਂਸ਼ਹਿਰ ਦੇ ਪ੍ਰਧਾਨ ਸ ਸੁਖਵਿੰਦਰ ਸਿੰਘ ਥਾਂਦੀ ਦੀ ਪ੍ਰਧਾਨਗੀ ਹੇਠ ਸਮੂਹ ਮੈਂਬਰਾਂ ਨੇ ਮਿਲਕੇ ਇਹ ਸਨਮਾਨ ਹਾਸਿਲ ਕੀਤਾ ।ਸੁਸਾਇਟੀ ਮੈਂਬਰਾਂ ਵੱਲੋ ਹਰ ਰੋਜ ਬਿਨਾ ਨਾਗਾ ਸਵੇਰੇ 5 ਵਜੇ ਤੋ ਅਤੇ ਸ਼ਾਮ 6 ਵਜੇ ਤੋਂ ਆਪਣੇ ਹੱਥੀਂ ਸੇਵਾ ਕਰਕੇ ਵੱਖ-ਵੱਖ ਸੇਵਾਂਵਾ ਜਿਵੇਂ ਸੜਕਾਂ 'ਤੇ ਪਏ ਖੱਡੇ ਪੂਰਨੇ, ਬੂਟੇ ਲਗਾਉਣੇ, ਸੜਕ 'ਤੇ ਲੱਗੇ ਡਿਵਾਈਡਰ 'ਤੇ ਸੁਸਾਇਟੀ ਵੱਲੋਂ ਹੀ ਲਗਾਏ ਬੂਟਿਆਂ ਦੀ ਸਾਂਭ-ਸੰਭਾਲ, ਸਫਾਈ ਅਤੇ ਪਾਣੀ ਦੇਣ ਦੀ ਸੇਵਾਵਾਂ ਨਿਭਾਈਆਂ ਜਾਂਦੀਆਂ ਹਨ । ਸੁਸਾਇਟੀ ਵੱਲੋਂ ਪਿਛਲੇ ਸੱਤ ਸਾਲਾਂ ਤੋਂ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਨਵਾਂਸ਼ਹਿਰ ਵਿਖੇ ਚੈਰੀਟੇਬਲ ਡਿਸਪੈਂਸਰੀ, ਚੈਰੀਟੇਬਲ ਡੈਂਟਲ ਕੇਅਰ ਅਤੇ ਚੈਰੀਟੇਬਲ ਲੈਬੋਰਟਰੀ ਜਿਸ ਵਿਚ ਬਜ਼ਾਰ ਤੋਂ ਤਿੰਨ ਗੁਣਾ ਘੱਟ ਰੇਟਾਂ ਤੇ ਖੂਨ ਦੇ ਟੈਸਟ ਕੀਤੇ ਜਾਂਦੇ ਹਨ ਆਦਿ ਚਲਾਈ ਜਾ ਰਹੀ ਹੈ । ਬਾਰਾਂਦਰੀ ਗਾਰਡਨ ਦੇ ਨਜ਼ਦੀਕ ਤੇਰਾ-ਤੇਰਾ ਸਟਾਲ ਖੋਲਿਆ ਗਿਆ ਹੈ ਜਿਸ ਵਿੱਚ ਸੰਗਤਾਂ ਵੱਲੋ ਆਏ ਘਰੇਲੂ ਸਮਾਨ ਨੂੰ ਸਿਰਫ ਤੇਰਾ ਰੁਪਏ ਵਿੱਚ ਦਿੱਤਾ ਜਾਂਦਾ ਹੈ। ਸੁਸਾਇਟੀ ਵੱਲੋ ਜਿਥੇ ਸਕੂਲਾਂ-ਕਾਲਜਾਂ, ਪਿੰਡਾਂ, ਧਾਰਮਿਕ ਸਥਾਨਾਂ ਅਤੇ ਜਨਤਕ ਸਥਾਨਾਂ ਆਦਿ 'ਤੇ ਬੂਟੇ ਲਗਾਏ ਜਾਂਦੇ ਹਨ ਉਥੇ ਨਵਾਂਸ਼ਹਿਰ ਨੂੰ ਹਰਿਆਂ-ਭਰਿਆ ਕਰਨ ਲਈ ਸ਼ਹਿਰ ਦੀ ਸੜਕ ਤੇ ਲੱਗੇ ਡਿਵਾਈਡਰ ਦੇ ਆਲੇ-ਦੁਆਲੇ 6 ਕਿਲੋਮੀਟਰ ਖੇਤਰ ਵਿੱਚ 7000 ਬੂਟੇ ਲਗਾਕੇ ਹਰਿਆਵਲ ਮੁਹਿੰਮ ਵਿੱਚ ਮੁੱਖ ਯੋਗਦਾਨ ਪਾਇਆ ਅਤੇ ਸ਼ਹਿਰ ਨੂੰ ਅਣਮੁੱਲੀ ਹਰੀ-ਭਰੀ ਸੋਗਾਤ ਦਿੱਤੀ ।ਇਸ ਮੌਕੇ ਸੁਸਾਇਟੀ ਪ੍ਰਧਾਨ ਸ ਸੁਖਵਿੰਦਰ ਸਿੰਘ ਥਾਂਦੀ ਅਤੇ ਅਮਰਜੀਤ ਸਿੰਘ ਖਾਲਸਾ ਵੱਲੋਂ ਕਿਹਾ ਗਿਆ ਕਿ ਸੁਸਾਇਟੀ ਵੱਲੋਂ ਗੁਰੂ ਸਾਹਿਬ ਜੀ ਦੀ ਕਿਰਪਾ ਸਦਕਾ ਨਿਸ਼ਕਾਮ ਸੇਵਾਵਾਂ ਲਗਾਤਾਰ ਇਸੇ ਤਰ੍ਹਾਂ ਅੱਗੇ ਵੀ ਜਾਰੀ ਰਹਿਣਗੀਆਂ ਅਤੇ ਇਸ ਵਿੱਚ ਹੋਰ ਵੀ ਵਾਧਾ ਕੀਤਾ ਜਾਵੇਗਾ । ਇਸ ਮੌਕੇ ਮੰਗਲ ਸਿੰਘ ਬੈਂਸ, ਸੰਤੋਸ਼ ਕਟਾਰੀਆ, ਸੁਖਵਿੰਦਰ ਸਿੰਘ ਥਾਂਦੀ, ਅਮਰਜੀਤ ਸਿੰਘ ਖ਼ਾਲਸਾ, ਹਰਪ੍ਰੀਤ ਸਿੰਘ, ਰਣਜੀਤ ਸਿੰਘ, ਜਸਵਿੰਦਰ ਸਿੰਘ, ਇੰਦਰਜੀਤ ਸਿੰਘ, ਜਤਿੰਦਰ ਸਿੰਘ, ਅਵਤਾਰ ਸਿੰਘ, ਆਜ਼ਾਦ ਜੀ, ਜੀਵਨ ਜੀ, ਜਸਪ੍ਰੀਤ ਸਿੰਘ, ਅਮਰਦੀਪ ਸਿੰਘ, ਰਾਜਵੰਸ਼ ਸਿੰਘ ਬੇਦੀ, ਕੁਲਦੀਪ ਸਿੰਘ, ਚਰਨਜੋਤ ਸਿੰਘ ਅਤੇ ਦੀਪਕ ਆਦਿ ਹਾਜ਼ਰ ਸਨ ।

**■ ਸੁਸਾਇਟੀ ਵੱਲੋਂ ਪਿਛਲੇ ਸੱਤ ਸਾਲਾਂ ਤੋਂ ਸਮਾਜ ਸੇਵਾ ਲਈ ਕੀਤੀ ਕੜੀ-ਮਿਹਨਤ ਦਾ ਸਨਮਾਨ : ਲਲਿਤ ਮੋਹਨ ਪਾਠਕ**

# ਹੜ੍ਹਾਂ ਵਰਗੇ ਹਾਲਾਤ ਨਾਲ ਪ੍ਰਭਾਵਿਤ ਪਿੰਡਾਂ ਵਿੱਚ ਮੈਡੀਕਲ ਕੈਂਪ ਲਗਾਤਾਰ ਜਾਰੀ



**ਦਵਾਈਆਂ ਦੇ ਨਾਲ ਡੇਂਗੂ, ਮਲੇਰੀਆ ਅਤੇ ਵਾਟਰ ਬੋਰਨ ਬਿਮਾਰੀਆਂ ਤੋਂ ਵੀ ਕੀਤਾ ਜਾ ਰਿਹਾ ਸਾਵਧਾਨ**

• ਸ੍ਰੀ ਅਨੰਦਪੁਰ ਸਾਹਿਬ/ਦਵਿੰਦਰਪਾਲ ਸਿੰਘ)

ਪੰਜਾਬ ਸਰਕਾਰ ਆਮ ਲੋਕਾਂ ਨੂੰ ਮਿਆਰੀ ਸਿਹਤ ਸਹੂਲਤ ਦੇਣ ਲਈ ਲਗਾਤਾਰ ਉਪਰਾਲੇ ਕਰ ਰਹੀ ਹੈ।ਕੈਬਨਿਟ ਮੰਤਰੀ ਹਰਜੋਤ ਬੈਂਸ ਵੱਲੋਂ ਆਪਣੇ ਵਿਧਾਨ ਸਭਾ ਹਲਕੇ ਦੇ ਪਿੰਡਾਂ ਵਿੱਚ ਮੈਡੀਕਲ ਕੈਂਪ ਲਗਾ ਕੇ ਲੋਕਾਂ ਨੂੰ ਮੁੱਢਲੀਆਂ ਸਿਹਤ ਸਹੂਲਤਾਂ ਘਰਾਂ ਨੇੜੇ ਉਪਲੱਬਧ ਕਰਵਾਉਣ ਦੇ ਨਿਰਦੇਸ਼ ਦਿੱਤੇ ਗਏ ਹਨ। ਇਸੇ ਕੜੀ ਅਧੀਨ ਅੱਜ ਹਰੀਵਾਲ, ਚੰਦਪੁਰ, ਸ਼ਾਹਪੁਰ ਬੇਲਾ, ਮਹਿਦਲੀ ਖੁਰਦ, ਬੁਰਜ, ਗੱਜਪੁਰ, ਦਸਗਰਾਈ, ਲੋਦੀਪੁਰ ਵਿੱਚ ਸਿਹਤ ਚੈਕਅਪ ਕੈਂਪ ਲਗਾਏ ਗਏ। ਹੜ੍ਹਾਂ ਵਰਗੇ ਹਾਲਾਤ ਨਾਲ ਨਜਿੱਠਣ ਲਈ ਲੋਕਾਂ ਦੀ ਸਿਹਤ ਦਾ ਧਿਆਨ ਰੱਖਣ ਲਈ ਪਿੰਡਾਂ ਵਿੱਚ ਜਿੱਥੇ ਲਗਾਤਾਰ ਮੈਡੀਕਲ ਕੈਂਪ ਲਗਾ ਕੇ ਦਵਾਈ ਦਿੱਤੀ ਜਾ ਰਹੀ ਹੈ ਉੱਥੇ ਹੀ ਲੋਕਾਂ ਨੂੰ ਡੇਂਗੂ, ਮਲੇਰੀਆ ਅਤੇ ਦੂਸ਼ਿਤ ਪਾਣੀ ਨਾਲ਼ ਪੇਟ ਦੀਆਂ ਹੋਣ ਵਾਲ਼ੀਆਂ ਬਿਮਾਰੀਆਂ ਤੋਂ ਵੀ ਸਾਵਧਾਨ ਕੀਤਾ ਜਾ ਰਿਹਾ ਹੈ ਅਤੇ ਬਚਾਓ ਦੇ ਜਰੂਰੀ ਨੁਕਤੇ ਦੱਸੇ ਜਾ ਰਹੇ ਹਨ। ਆਮ ਲੋਕਾਂ ਨੂੰ ਦੱਸਿਆ ਜਾ ਰਿਹਾ ਹੈ ਕਿ ਪਾਣੀ ਜਮ?ਹਾਂ ਹੋਣ ਨਾਲ ਡੇਂਗੂ ਅਤੇ ਮਲੇਰੀਆ ਫੈਲਾਉਣ ਵਾਲ਼ੇ ਮੱਛਰਾਂ ਦਾ ਵੀ ਵਾਧਾ ਹੁੰਦਾ ਹੈ, ਇਸ ਕਰਕੇ ਮੱਛਰਦਾਨੀਆਂ ਦਾ ਇਸਤੇਮਾਲ ਕੀਤਾ ਜਾਵੇ ਅਤੇ ਮੱਛਰ ਭਜਾਊ ਕਰੀਮਾਂ ਅਤੇ ਹੋਰ ਯੰਤਰਾਂ ਦਾ ਇਸਤੇਮਾਲ ਕੀਤਾ ਜਾਵੇ। ਬੁਖਾਰ ਹੋਣ ਦੀ ਸੂਰਤ ਵਿੱਚ ਆਪਣੀ ਮਰਜੀ ਨਾਲ਼ ਦਵਾਈ ਨਾ ਲਈ ਜਾਵੇ ਸਗੋਂ ਸਿਹਤ ਵਿਭਾਗ ਨਾਲ ਰਾਬਤਾ ਕੀਤਾ ਜਾਵੇ ਤਾਂ ਜੋ ਸਹੀ ਸਮੇਂ ਤੇ ਸਹੀ ਇਲਾਜ਼ ਹੋ ਸਕੇ। ਸਿਹਤ ਵਿਭਾਗ ਵੱਲੋ ਦੱਸਿਆ ਗਿਆ ਹੈ ਕਿ ਪਾਣੀ ਨੂੰ ਉਬਾਲ ਕੇ ਠੰਢਾ ਕਰਕੇ ਪੀਤਾ ਜਾਵੇ ਤਾਂ ਜੋ ਦੂਸ਼ਿਤ ਪਾਣੀ ਕਾਰਨ ਪੇਟ ਦੀਆਂ ਬਿਮਾਰੀਆਂ ਤੋਂ ਬਚਿਆ ਜਾ ਸਕੇ ਅਤੇ ਲੋਕਾਂ ਨੂੰ ਪਾਣੀ ਨੂੰ ਕਲੋਰੀਨੇਟ ਕਰਕੇ ਪੀਣ ਦੀ ਸਲਾਹ ਦਿੱਤੀ ਜਾ ਰਹੀ ਹੈ।

# ਹਾਈਕੋਰਟ ਦੇ ਚੀਫ ਜਸਟਿਸ ਵੱਲੋਂ ਵੀਡੀਓ ਕਾਨਫਰੰਸਿੰਗ ਰਾਹੀਂ ਲੀਗਲ ਏਡ ਡਿਫੈਂਸ ਕੌਂਸਲ ਦਫ਼ਤਰ ਦਾ ਉਦਘਾਟਨ



• ਗੁਰਦਾਸਪੁਰ-ਨਵਨੀਤ ਕੁਮਾਰ

ਮਾਣਯੋਗ ਚੀਫ ਜਸਟਿਸ, ਪੰਜਾਬ ਅਤੇ ਹਰਿਆਣਾ ਹਾਈਕੋਰਟ ਅਤੇ ਪੈਟਰਨ-ਇੰਨ-ਚੀਫ, ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐਸ.ਏ.ਐਸ.ਨਗਰ, ਜਸਟਿਸ ਰਵੀ ਸ਼ੰਕਰ ਝਾਅ ਵੱਲੋਂ ਅੱਜ ਵੀਡੀਓ ਕਾਨਫਰੰਸਿੰਗ ਰਾਹੀਂ ਲੀਗਲ ਏਡ ਡਿਫੈਂਸ ਕੌਂਸਲ ਦਫ਼ਤਰ, ਗੁਰਦਾਸਪੁਰ ਦਾ ਉਦਘਾਟਨ ਕੀਤਾ ਗਿਆ। ਸ੍ਰੀ ਗੁਰਮੀਤ ਸਿੰਘ ਸੰਧਾਵਾਲੀਆ, ਮਾਣਯੋਗ ਜੱਜ, ਪੰਜਾਬ ਅਤੇ ਹਰਿਆਣਾ ਹਾਈਕੋਰਟ ਅਤੇ ਕਾਰਜਕਾਰੀ ਚੇਅਰਮੈਨ, ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਨੇ ਦੱਸਿਆ ਕਿ ਇਹ ਸਕੀਮ ਰਾਸ਼ਟਰੀ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਨਿਰਦੇਸ਼ਾਂ ਦੇ ਮੱਦੇਨਜ਼ਰ ਸ਼ੁਰੂ ਕੀਤੀ ਗਈ ਹੈ। ਇਸ ਸਕੀਮ ਦਾ ਮੰਤਵ ਲੋਕਾਂ ਨੂੰ ਫੌਜਦਾਰੀ ਕੇਸਾਂ ਵਿੱਚ ਵਧੀਆ ਅਤੇ ਮੁਫਤ ਕਾਨੂੰਨੀ ਸਹਾਇਤਾ ਦੇਣਾ ਹੈ। ਸ੍ਰੀ ਅਰੁਣ ਪੱਲੀ ਅਤੇ ਜਸਟਿਸ ਸ੍ਰੀਮਤੀ ਹਰਪ੍ਰੀਤ ਕੌਰ ਜੀਵਨ, ਮਾਣਯੋਗ ਜੱਜ, ਪੰਜਾਬ ਅਤੇ ਹਰਿਆਣਾ ਹਾਈਕੋਰਟ ਜੀਆਂ ਨੇ ਵੀ ਇਸ ਮੌਕੇ ਸ਼ਿਰਕਤ ਕੀਤੀ। ਇਸ ਮੌਕੇ ਸ੍ਰੀ ਰਜਿੰਦਰ ਅਗਰਵਾਲ, ਮਾਣਯੋਗ ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਗੁਰਦਾਸਪੁਰ ਨੇ ਲੀਗਲ ਏਡ ਡਿਫੈਂਸ ਕਾਊਂਸਲ ਅਤੇ ਉਨ੍ਹਾਂ ਦੀ ਟੀਮ ਨੂੰ ਸਖ਼ਤ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ ਤਾਂ ਜੋ ਸਹੀ ਅਤੇ ਪ੍ਰਭਾਵਸ਼ਾਲੀ ਕਾਨੂੰਨੀ ਸਹਾਇਤਾ ਪ੍ਰਦਾਨ ਕੀਤੀ ਜਾ ਸਕੇ ਅਤੇ ਕੇਸਾਂ ਦੇ ਤੇਜ਼ੀ ਨਾਲ ਨਿਪਟਾਰੇ ਵਿੱਚ ਮਦਦ ਕੀਤੀ ਜਾ ਸਕੇ। ਸ੍ਰੀ ਅਗਰਵਾਲ ਨੇ ਇਹ ਵੀ ਦੱਸਿਆ ਕਿ ਲੀਗਲ ਏਡ ਡਿਫੈਂਸ ਕਾਉਂਸਲ ਸਿਸਟਮ ਵਿੱਚ ਲਾਏ ਗਏ ਵਕੀਲਾਂ ਨੂੰ ਮੁਲਜਿਮਾਂ ਨੂੰ ਗ੍ਰਿਫ਼ਤਾਰੀ ਤੋਂ ਪਹਿਲਾਂ, ਗ੍ਰਿਫ਼ਤਾਰੀ ਤੋਂ ਬਾਅਦ, ਰਿਮਾਂਡ ਮੌਕੇ, ਮੁਕੱਦਮੇ ਦੇ ਅੰਤ ਤੱਕ ਅਤੇ ਅਪੀਲ ਦੀ ਸਹਾਇਤਾ ਮੁਹੱਈਆ ਕਰਵਾਉਣ ਤੱਕ ਸੇਵਾਵਾਂ ਦਿੱਤੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਇਹ ਸਿਸਟਮ ਕਾਨੂੰਨੀ ਸਹਾਇਤਾ ਦੀ ਉਪਲੱਬਧਤਾ ਅਤੇ ਪਹੁੰਚ ਨੂੰ ਸਮੇਂ ਸਿਰ ਅਤੇ ਪ੍ਰਭਾਵੀ ਤਰੀਕੇ ਨਾਲ ਵਧਾਏਗਾ ਅਤੇ ਸਮਾਜ ਦੇ ਪਛੜੇ ਵਰਗ ਨੂੰ ਪੇਸ਼ੇਵਰ ਤਰੀਕੇ ਨਾਲ ਮਿਆਰੀ ਅਤੇ ਸਮਰੱਥ ਕਾਨੂੰਨੀ ਸੇਵਾਵਾਂ ਪ੍ਰਦਾਨ ਕਰਾਉਣ ਵਿੱਚ ਮਦਦ ਕਰੇਗਾ। ਇਸ ਮੌਕੇ ਉੱਤੇ ਸ੍ਰੀ ਸੁਮਿੱਤ ਭੱਲਾ, ਸਿਵਲ ਜੱਜ (ਸੀਡਵੀ) ਸੀ.ਜੇ.ਐਮ-ਸਹਿਤ-ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਗੁਰਦਾਸਪੁਰ ਅਤੇ ਨਵੇ ਨਿਯੁਕਤ ਹੋਏ ਲੀਗਲ ਏਡ ਡਿਫੈਂਸ ਕੌਂਸ਼ਲ ਸਿਸਟਮ ਦੇ ਵਕੀਲ ਸਹਿਬਾਨ ਵੀ ਮੌਜੂਦ ਸਨ।

# ਸਿਹਤ ਵਿਭਾਗ ਨੇ ਲੋਕਾਂ ਨੂੰ ਆਈ ਫਲੂ ਸਬੰਧੀ ਸਾਵਧਾਨੀਆਂ ਵਰਤਣ ਦੀ ਸਲਾਹ ਦਿੱਤੀ

• ਗੁਰਦਾਸਪੁਰ-ਨਵਨੀਤ ਕੁਮਾਰ



ਆਈ ਫਲੂ (ਅੱਖਾਂ ਦੀ ਇਨਫੈਕਸ਼ਨ) ਤੋਂ ਬਚਾਅ ਲਈ ਸਿਹਤ ਵਿਭਾਗ ਨੇ ਲੋਕਾਂ ਲਈ ਇੱਕ ਐਡਵਾਈਜ਼ਰੀ ਜਾਰੀ ਕੀਤੀ ਹੈ। ਸਿਵਲ ਸਰਜਨ ਗੁਰਦਾਸਪੁਰ ਡਾ. ਹਰਭਜਨ ਰਾਮ ਨੇ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਹੈ ਕਿ ਅੱਖਾਂ ਵਿੱਚ ਹੋਣ ਵਾਲੀ ਕਿਸੇ ਵੀ ਤਰਾਂ ਦੀ ਇਨਫੈਕਸ਼ਨ ਨਾਲ ਆਈ ਲਾਲੀ ਲਾਗ ਦੀ ਬਿਮਾਰੀ ਦੀ ਨਿਸ਼ਾਨੀ ਹੈ, ਇਸ ਨੂੰ ਆਈ ਫਲੂ ਵੀ ਕਿਹਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਅੱਖਾਂ ਦਾ ਲਾਲ ਹੋਣਾ, ਅੱਖਾਂ ਵਿੱਚ ਗਿੱਡ ਦਾ ਆਉਣਾ ਅਤੇ ਅੱਖ ਦਾ ਚਿਪਕਣਾ, ਅੱਖਾਂ ਵਿੱਚ ਦਰਦ ਹੋਣਾ ਇਸ ਬਿਮਾਰੀ ਦੇ ਮੁੱਖ ਲੱਛਣ ਹਨ। ਉਨ੍ਹਾਂ ਕਿਹਾ ਕਿ ਇਸ ਇਨਫੈਕਸ਼ਨ ਤੋਂ ਬਚਾਅ ਲਈ ਆਪਣੇ ਹੱਥਾਂ ਨੂੰ ਵਾਰ ਵਾਰ ਧੋਣਾ ਚਾਹੀਦਾ ਹੈ। ਅਜਿਹੀ ਸਮੱਸਿਆ ਆਉਣ 'ਤੇ ਧੁੱਪ ਵਿੱਚ ਜਾਣ ਸਮੇਂ ਐਨਕ ਦੀ ਵਰਤੋਂ ਕਰਨੀ ਚਾਹੀਦੀ ਹੈ ਅਤੇ ਦੂਸਰੇ ਵਿਅਕਤੀਆਂ ਤੋਂ ਦੂਰੀ ਬਣਾ ਕੇ ਰੱਖਣੀ ਚਾਹੀਦੀ ਹੈ। ਇੱਕ ਦੂਜੇ ਦੇ ਤੋਲੀਏ ਆਦਿ ਦੀ ਵਰਤੋਂ ਨਹੀਂ ਕਰਨੀ ਚਾਹੀਦੀ, ਅੱਖਾਂ ਨੂੰ ਮਲਣਾ ਨਹੀਂ ਚਾਹੀਦਾ ਅਤੇ ਜਿਆਦਾ ਸਮੱਸਿਆ ਆਉਣ 'ਤੇ ਨੇੜੇ ਦੇ ਸਿਹਤ ਕੇਂਦਰ ਵਿੱਚ ਜਾਂਚ ਕਰਵਾਉਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਆਈ ਫਲੂ ਦੀ ਦਵਾਈ ਕੇਵਲ ਅੱਖਾਂ ਦੇ ਮਾਹਿਰ ਡਾਕਟਰ ਤੋਂ ਹੀ ਲਈ ਜਾਵੇ ਅਤੇ ਮੈਡੀਕਲ ਸਟੋਰਾਂ ਤੋਂ ਆਪਣੇ ਆਪ ਲੈ ਕੇ ਕੋਈ ਵੀ ਦਾਰੂ ਅੱਖਾਂ ਵਿੱਚ ਬਿਲਕੁਲ ਨਾ ਪਾਇਆ ਜਾਵੇ।

# ਭਾਰਤੀ ਫ਼ੌਜ ਦੇ ਜਵਾਨ ਰਾਹਤ ਕਾਰਜਾਂ ਦੌਰਾਨ ਸੇਵਾ ਦੇ ਨਾਲ ਲੋਕਾਂ ਦੇ ਦਿਲ ਵੀ ਜਿੱਤ ਰਹੇ ਹਨ

• ਗੁਰਦਾਸਪੁਰ-ਨਵਨੀਤ ਕੁਮਾਰ

ਜ਼ਿਲ੍ਹਾ ਗੁਰਦਾਸਪੁਰ ਦੇ ਬਿਆਸ ਦਰਿਆ ਨਾਲ ਲੱਗਦੇ ਬੇਟ ਇਲਾਕੇ ਵਿੱਚ ਆਏ ਹੜ੍ਹਾਂ ਦੌਰਾਨ ਜ਼ਿਲ੍ਹਾ ਪ੍ਰਸ਼ਾਸਨ ਦੇ ਮੋਢੇ ਨਾਲ ਮੋਢਾ ਜੋੜ ਕੇ ਭਾਰਤੀ ਫ਼ੌਜ ਦੇ ਜਵਾਨਾਂ ਵੱਲੋਂ ਵੀ ਰਾਹਤ ਕਾਰਜਾਂ ਵਿੱਚ ਵੱਧ-ਚੜ੍ਹ ਕੇ ਹਿੱਸਾ ਲਿਆ ਜਾ ਰਿਹਾ ਹੈ। ਫ਼ੌਜੀ ਜਵਾਨ ਰਾਹਤ ਕਾਰਜਾਂ ਦੌਰਾਨ ਆਪਣੀ ਸੇਵਾ ਦੇ ਨਾਲ ਹੜ੍ਹ ਪੀੜਤਾਂ ਦੇ ਦਿਲ ਵੀ ਜਿੱਤ ਰਹੇ ਹਨ। ਭਾਰਤੀ ਫੌਜ ਦੀ ਫਲੱਡ ਰਿਲੀਫ ਟੀਮ ਵਿੱਚ 45 ਜਵਾਨ ਰਾਹਤ ਕਾਰਜਾਂ ਵਿੱਚ ਆਪਣੀਆਂ ਸੇਵਾਵਾਂ ਦੇ ਰਹੇ ਹਨ ਜਿਨ੍ਹਾਂ ਦੀ ਅਗਵਾਈ ਲੈਫਟੀਨੈਂਟ ਕਰਨਲ ਵੀ.ਕੇ. ਸਿੰਘ ਕਰ ਰਹੇ ਹਨ। ਫ਼ੌਜ ਵੱਲੋਂ ਪੁਰਾਣਾ ਸ਼ਾਲਾ ਦੇ ਰਿਲੀਫ ਕੈਂਪ ਵਿੱਚ ਆਪਣਾ ਬੇਸ ਸਥਾਪਤ ਕਰਕੇ ਪੂਰੇ ਹੜ੍ਹ ਪ੍ਰਭਾਵਤ ਇਲਾਕੇ ਵਿੱਚ ਚਾਰ ਟੀਮਾਂ ਬਣਾ ਕੇ ਰਾਹਤ ਕਾਰਜਾਂ ਨੂੰ ਚਲਾਇਆ ਜਾ ਰਿਹਾ ਹੈ। ਕੰਟਰੋਲ ਰੂਮ ਵਿੱਚ ਲੈਫਟੀਨੈਂਟ ਕਰਨਲ ਵੀ.ਕੇ. ਸਿੰਘ ਅਤੇ ਚਾਰ ਜੇ.ਸੀ.ਓ. ਫ਼ੌਜ ਦੇ ਰਾਹਤ ਕਾਰਜਾਂ ਦੀ ਕਮਾਂਡ ਕਰ ਰਹੇ ਹਨ। ਇਸਤੋਂ ਇਲਾਵਾ ਪੁਰਾਣਾ ਸ਼ਾਲਾ ਵਿਖੇ ਫ਼ੌਜ ਵੱਲੋਂ ਮੈਡੀਕਲ ਰੂਮ ਵੀ ਸਥਾਪਤ ਕੀਤਾ ਗਿਆ ਹੈ ਜਿਥੇ ਲੋੜਵੰਦਾਂ ਦਾ ਚੈੱਕਅਪ ਕਰਕੇ ਉਨ੍ਹਾਂ ਨੂੰ ਦਵਾਈਆਂ ਦਿੱਤੀਆਂ ਜਾ ਰਹੀਆਂ ਹਨ। ਭਾਰਤੀ ਫੌਜ ਦੇ ਜਵਾਨਾਂ ਵੱਲੋਂ ਰਾਹਤ ਕਾਰਜਾਂ ਦੌਰਾਨ ਹੜ੍ਹ ਪ੍ਰਭਾਵਤ ਖੇਤਰ ਵਿੱਚੋਂ ਲੋਕਾਂ ਨੂੰ ਸੁਰੱਖਿਅਤ ਬਾਹਰ ਕੱਢਣ ਤੋਂ ਬਾਅਦ ਲੋਕਾਂ ਨੂੰ ਉਨ੍ਹਾਂ ਤੱਕ ਰਾਹਤ ਸਮੱਗਰੀ ਵੀ ਪਹੁੰਚਾਈ ਜਾ ਰਹੀ ਹੈ। ਅੱਜ ਭਾਰਤੀ ਫ਼ੌਜ ਦੇ ਜਵਾਨ ਦੀ ਇੱਕ ਰਾਹਤ ਟੀਮ ਵੱਲੋਂ ਪਿੰਡ ਦਾਊਵਾਲ, ਕਿਸ਼ਨਪੁਰ, ਭੈਣੀ ਪਸਵਾਲ ਅਤੇ ਹੋਰ ਪਿੰਡਾਂ ਵਿੱਚ ਲੋਕਾਂ ਨੂੰ ਖਾਣ-ਪੀਣ ਦੀ ਸਮੱਗਰੀ ਵੰਡੀ ਗਈ ਜਿਸ ਲਈ ਲੋਕਾਂ ਵੱਲੋਂ ਭਾਰਤੀ ਫ਼ੌਜ ਦਾ ਧੰਨਵਾਦ ਕੀਤਾ ਗਿਆ।



Website : www.lokbani.com
lokbani08@gmail.com

# ਪੰਜਾਬ ਸਰਕਾਰ ਵਲੋਂ ਹੜ੍ਹਾਂ ਦੇ ਮਾਮਲੇ ਵਿੱਚ ਕੋਈ ਪੈਕੇਜ਼ ਨਾ ਐਲਾਨ ਕਰਨਾ ਮੰਦਭਾਗਾ : ਕੋਟਲੀ



• ਸ੍ਰੀ ਅਨੰਦਪੁਰ ਸਾਹਿਬ/ਦਵਿੰਦਰਪਾਲ ਸਿੰਘ

ਪੰਜਾਬ ਸਰਕਾਰ ਵਲੋਂ ਜੇਕਰ ਸਮਾਂ ਰਹਿੰਦਿਆਂ ਨਦੀਆਂ ਨਾਲਿਆਂ ਦੀ ਸਫਾਈ ਅਤੇ ਬੰਨ੍ਹਾਂ ਦੀ ਮਜਬੂਤੀ ਕੀਤੀ ਹੁੰਦੀ ਤਾਂ ਸੂਬੇ ਦਾ ਹੜ੍ਹਾਂ ਨਾਲ ਐਡਾ ਵੱਡਾ ਨੁਕਸਾਨ ਨਹੀਂ ਹੋਣਾ ਸੀ। ਹੋਰ ਤਾਂ ਹੋਰ ਹੜ੍ਹਾਂ ਦੇ ਮਾਮਲੇ ਵਿੱਚ ਕੀਤੇ ਜਾਣ ਵਾਲੇ ਪ੍ਰਬੰਧਾਂ ਵਿੱਚ ਸਰਕਾਰ ਹਰ ਫਰੰਟ ਤੇ ਫੇਲ੍ਹ ਹੋਈ ਹੈ। ਇਹਨਾ ਸ਼ਬਦਾਂ ਦਾ ਪ੍ਰਗਟਾਵਾ ਸਾਬਕਾ ਕੈਬਨਿਟ ਮੰਤਰੀ ਅਤੇ ਹਿਮਾਚਲ ਪ੍ਰਦੇਸ਼ ਕਾਂਗਰਸ ਦੇ ਉੱਪ ਇੰਚਾਰਜ ਗੁਰਕੀਰਤ ਸਿੰਘ ਕੋਟਲੀ ਨੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਮੱਥਾ ਟੇਕਣ ਉਪਰੰਤ ਗਿੱਲ ਫੈਸ਼ਨ ਪੁਆਇੰਟ ਤੇ ਗੱਲਬਾਤ ਦੌਰਾਨ ਕੀਤਾ। ਕੋਟਲੀ ਨੇ ਕਿਹਾ ਕਿ ਪੰਜਾਬ ਸਰਕਾਰ ਨਾਦਰਸ਼ਾਹੀ ਤਰੀਕੇ ਨਾਲ ਚੱਲਾ ਰਹੀ ਹੈ।ਕਿਉਂਕਿ ਚਾਰ ਮਹੀਨੇ ਪਹਿਲਾਂ ਪੰਚਾਇਤਾਂ ਅਤੇ ਦੋ ਮਹੀਨੇ ਪਹਿਲਾਂ ਜਿਲ੍ਹਾ ਪ੍ਰੀਸ਼ਦਾ ਭੰਗ ਕਰ ਦਿੱਤੀਆਂ ਗਈਆਂ ਹਨ। ਜਦੋਂਕਿ ਭਵਿੱਖ ਵਿੱਚ ਚੋਣਾ ਦਾ ਕੋਈ ਨੋਟੀਫਿਕੇਸ਼ਨ ਵੀ ਨਹੀਂ ਕੀਤਾ ਗਿਆ।ਜੋ ਕਿ ਲੋਕਤੰਤਰ ਦਾ ਸਿੱਧਾ ਕਤਲ ਹੈ। ਕੋਟਲੀ ਨੇ ਕਿਹਾ ਕਿ ਸੂਬੇ ਅੰਦਰ ਪੰਚਾਇਤੀ ਅਤੇ ਹੋਰ ਚੋਣਾਂ ਕਾਂਗਰਸ ਪਾਰਟੀ ਇਕੱਲੇ ਤੌਰ ਤੇ ਲੜੇਗੀ। ਹੋਰ ਤਾਂ ਹੋਰ ਲੋਕ ਸਭਾ ਚੋਣਾਂ ਵਿੱਚ ਵੀ ਕਾਂਗਰਸ ਦਾ ਕਿਸੇ ਵੀ ਪਾਰਟੀ ਨਾਲ ਸਮਝੌਤਾ ਨਹੀਂ ਹੋਵੇਗਾ। ਕੋਟਲੀ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਨੂੰ ਰੋਕਣ ਲਈ ਇੰਡੀਆ ਫਰੰਟ ਬਣਾਇਆ ਗਿਆ ਸੀ। ਤਾਂ ਜ਼ੋ ਮੋਦੀ ਸਰਕਾਰ ਦੀ ਧੱਕੇਸ਼ਾਹੀ ਨੂੰ ਨਕੇਲ ਪਾਈ ਜਾ ਸਕੇ।

ਇੱਕ ਸਵਾਲ ਦੇ ਜਵਾਬ ਵਿੱਚ ਕਿਹਾ ਕਿ ਪੰਜਾਬ ਸਰਕਾਰ ਨੂੰ ਕੇਂਦਰ ਸਰਕਾਰ ਤੋਂ ਆਪਣਾ ਬਣਦਾ ਹਿੱਸਾ ਲੈਣਾ ਚਾਹੀਦਾ ਹੈ। ਜਦੋਂਕਿ ਇਹ ਕੋਈ ਭੀਖ ਨਹੀਂ ਪੰਜਾਬ ਦਾ ਬਣਦਾ ਹੱਕ ਹੈ ।ਅਤੇ ਸੂਬਾ ਸਰਕਾਰ ਹੜ੍ਹ ਪ੍ਰਭਾਵਿਤ ਲੋਕਾਂ ਲਈ ਕੋਈ ਸਪੈਸ਼ਨ ਪੈਕੇਜ਼ ਦਾ ਇੰਤਜਾਮ ਕਰੇ। ਇਸ ਮੌਕੇ ਸੀਨੀਅਰ ਕਾਂਗਰਸੀ ਹਕੀਮ ਹਰਮਿੰਦਰਪਾਲ ਸਿੰਘ ਮਿਨਹਾਸ, ਹਰਪਾਲ ਸਿੰਘ ਗਿੱਲ, ਸੁਖਵਿੰਦਰ ਸਿੰਘ ਬਿੱਟਾ, ਜ਼ਸਵੀਰ ਸਿੰਘ ਸੈਣੀ ਮੈਂਬਰ ਪ੍ਰਦੇਸ਼ ਕਾਂਗਰਸ, ਰਾਜ ਕੁਮਾਰ ਸੈਣੀ, ਡਾ. ਆਤਮਾ ਸਿੰਘ ਰਾਣਾ, ਉਪ ਚੇਅਰਮੈਨ ਮੋਹਨ ਸਿੰਘ ਭਸ਼ੀਨ, ਕੁਲਦੀਪ ਸਿੰਘ ਬੰਗਾ, ਪਾਲ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਕਾਂਗਰਸੀ ਹਾਜਰ ਸਨ।

# ਹੜ੍ਹਾਂ ਦਾ ਪਾਣੀ ਦੇਖਣ ਗਏ ਦੋ ਬੱਚਿਆਂ ਦੀ ਪਾਣੀ ਵਿੱਚ ਡੁੱਬਣ ਕਾਰਨ ਮੌਤ

## ਡਿਪਟੀ ਕਮਿਸ਼ਨਰ ਨੇ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਨੂੰ ਪਾਣੀ ਵੱਲ ਨਾ ਜਾਣ ਦੇਣ



• ਗੁਰਦਾਸਪੁਰ-ਨਵਨੀਤ ਕੁਮਾਰ

ਬਿਆਸ ਦਰਿਆ ਦੇ ਹੜ੍ਹ ਦਾ ਪਾਣੀ ਦੇਖਣ ਗਏ ਸ੍ਰੀ ਹਰਗੋਬਿੰਦਪੁਰ ਸਾਹਿਬ ਦੇ ਨੇੜਲੇ ਪਿੰਡ ਧੀਰੋਵਾਲ ਦੇ ਦੋ ਬੱਚਿਆਂ ਦੀ ਪਾਣੀ ਵਿੱਚ ਡੁੱਬਣ ਕਾਰਨ ਮੌਤ ਹੋ ਗਈ ਹੈ। ਜਾਣਕਾਰੀ ਮੁਤਾਬਕ 14 ਸਾਲਾ ਜਸਕਰਨ ਸਿੰਘ ਕਰਨ ਪੁੱਤਰ ਬਲਦੇਵ ਸਿੰਘ ਅਤੇ 13 ਸਾਲਾ ਦਿਲਪ੍ਰੀਤ ਸਿੰਘ ਪੁੱਤਰ ਹਰਦੇਵ ਸਿੰਘ ਜੋ ਪਿੰਡ ਧੀਰੋਵਾਲ ਦੇ ਰਹਿਣ ਵਾਲੇ ਸਨ, ਬੀਤੀ ਸ਼ਾਮ ਇਹ ਦੋਵੇਂ ਜਾਣੇ ਸਾਈਕਲ 'ਤੇ ਆਪਣੇ ਘਰੋਂ ਪਿੰਡ ਧੀਰੋਵਾਲ ਦੇ ਨਜ਼ਦੀਕ ਖੇਤਾਂ ਵਿੱਚ ਆਏ ਦਰਿਆ ਬਿਆਸ ਦੇ ਪਾਣੀ ਨੂੰ ਦੇਖਣ ਗਏ ਸਨ। ਜਦੋਂ ਦੇਰ ਸ਼ਾਮ ਤੱਕ ਇਹ ਦੋਵੇਂ ਘਰ ਨਾ ਆਏ ਤਾਂ ਪਰਿਵਾਰਕ ਮੈਂਬਰਾਂ ਨੇ ਇਨ੍ਹਾਂ ਦੀ ਭਾਲ ਸ਼ੁਰੂ ਕੀਤੀ। ਇਸ ਦੌਰਾਨ ਜ਼ਿਲ੍ਹਾ ਪ੍ਰਸ਼ਾਸਨ ਨੂੰ ਵੀ ਸੂਚਿਤ ਕੀਤਾ ਗਿਆ ਅਤੇ ਪ੍ਰਸ਼ਾਸਨ ਦੀਆਂ ਟੀਮਾਂ ਨੇ ਵੀ ਭਾਲ ਸ਼ੁਰੂ ਕਰ ਦਿੱਤੀ ਜੋ ਸਾਰੀ ਰਾਤ ਜਾਰੀ ਰਹੀ।ਅੱਜ ਸਵੇਰੇ ਜ਼ਿਲ੍ਹਾ ਪ੍ਰਸ਼ਾਸਨ ਦੀਆਂ ਟੀਮਾਂ ਨੂੰ ਪਿੰਡ ਧੀਰੋਵਾਲ ਦੇ ਨਜ਼ਦੀਕ ਨੀਵੇਂ ਇਲਾਕੇ ਦੇ ਖੇਤਾਂ ਕਿਨਾਰੇ ਸਾਈਕਲ ਅਤੇ ਬੱਚਿਆਂ ਦੀ ਚੱਪਲਾਂ ਦਿਖਾਈ ਦਿੱਤੀਆਂ ਤਾਂ ਪ੍ਰਸ਼ਾਸਨ ਦੀਆਂ ਟੀਮਾਂ ਵੱਲੋਂ ਉਥੇ ਸਰਚ ਅਭਿਆਨ ਚਲਾਇਆ ਗਿਆ। ਜਦੋਂ ਗੋਤਾਖੋਰਾਂ ਨੇ ਖੇਤ ਵਿੱਚ ਖੜ੍ਹੇ ਪਾਣੀ ਵਿੱਚ ਗੋਤਾ ਲਗਾਇਆ ਤਾਂ ਇਨ੍ਹਾਂ ਦੋਵਾਂ ਬੱਚਿਆਂ ਦੀਆਂ ਲਾਸ਼ਾ ਬਰਾਮਦ ਹੋ ਗਈਆਂ। ਇਸ ਬੇਹੱਦ ਅਫ਼ਸੋਸਨਾਕ ਘਟਨਾ ਉੱਪਰ ਗਹਿਰਾ ਦੁੱਖ ਪ੍ਰਗਟ ਕਰਦਿਆਂ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਕਿਹਾ ਕਿ ਅਜਿਹਾ ਹਰਗਿਜ਼ ਨਹੀਂ ਸੀ ਹੋਣਾ ਚਾਹੀਦਾ। ਉਨ੍ਹਾਂ ਸਮੂਹ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਅਤੇ ਨੌਜਵਾਨਾਂ ਨੂੰ ਹੜ੍ਹਾਂ ਦੇ ਪਾਣੀ ਵੱਲ ਬਿਲਕੁਲ ਨਾ ਜਾਣ ਦੇਣ। ਉਨ੍ਹਾਂ ਕਿਹਾ ਕਿ ਹੜ੍ਹ ਦੇ ਪਾਣੀ ਵੱਲ ਜਾਣਾ ਖ਼ਤਰੇ ਤੋਂ ਖਾਲੀ ਨਹੀਂ ਹੈ ਇਸ ਲਈ ਇਸ ਤੋਂ ਦੂਰ ਹੀ ਰਹਿਣਾ ਚਾਹੀਦਾ ਹੈ। ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪਹਿਲਾਂ ਹੀ ਧਾਰਾ 144 ਤਹਿਤ ਦਰਿਆਵਾਂ, ਨਹਿਰਾਂ ਆਦਿ ਦੇ ਪਾਣੀ ਵਿੱਚ ਜਾਣ ਤੋਂ ਮਨਾਹੀ ਕੀਤੀ ਗਈ ਹੈ। ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਜਿਥੇ ਆਪਣਾ ਖਿਆਲ ਰੱਖਣ ਉਥੇ ਆਪਣੇ ਬੱਚਿਆਂ ਨੂੰ ਵੀ ਸਮਝਾਉਣ ਕਿ ਉਹ ਹੜ੍ਹਾਂ ਦੇ ਪਾਣੀ ਵੱਲ ਬਿਲਕੁਲ ਨਾ ਜਾਣ। ਉਨ੍ਹਾਂ ਪਿੰਡਾਂ ਦੀਆਂ ਪੰਚਾਇਤਾਂ ਅਤੇ ਮੋਹਤਬਰ ਵਿਅਕਤੀਆਂ ਨੂੰ ਵੀ ਅਪੀਲ ਕੀਤੀ ਹੈ ਕਿ ਉਹ ਠੀਕਰੀ ਪਹਿਰੇ ਲਗਾ ਕੇ ਕਿਸੇ ਨੂੰ ਵੀ ਪਾਣੀ ਵੱਲ ਨਾ ਜਾਣ ਦੇਣ ਤਾਂ ਜੋ ਅਜਿਹੀ ਕੋਈ ਵੀ ਦੁਖਦਾਈ ਘਟਨਾ ਦੁਬਾਰਾ ਨਾ ਵਾਪਰੇ। ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਇੱਕ ਵਾਰ ਫਿਰ ਕਿਹਾ ਹੈ ਕਿ ਜੇਕਰ ਕਿਸੇ ਵੀ ਵਿਅਕਤੀ ਨੂੰ ਸਹਾਇਤਾ ਦੀ ਲੋੜ ਹੈ ਤਾਂ ਉਹ ਜ਼ਿਲ੍ਹਾ ਪ੍ਰਸ਼ਾਸਨ ਦੇ ਕੰਟਰੋਲ ਰੂਮ ਦੇ ਨੰਬਰ 1800-180-1852 ਜਾਂ 112 ਉੱਪਰ ਸੰਪਰਕ ਕਰ ਸਕਦੇ ਹਨ।

# ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਵਲੋਂ ਪਿੰਡ ਸੱਦਾ 'ਚ ਨਵੀਂ ਇਕਾਈ ਦੀ ਚੋਣ ਕੀਤੀ




• ਦੋਰਾਂਗਲਾ,ਰਾਕੇਸ਼ ਜੀਵਨ ਚੱਕ

ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਵਲੋਂ ਅੱਜ ਪਿੰਡ ਸੱਦਾ ਚ ਜਥੇਬੰਦੀ ਦੀ ਵਧਦੀ ਤਾਕਤ ਨੂੰ ਵੇਖਦੇ ਹੋਏ ਨਵੀਂ ਇਕਾਈ ਦਾ ਗਠਨ ਕੀਤਾ ਗਿਆ ਹੈ । ਇਹ ਨਵੀਂ ਇਕਾਈ ਦੀ ਚੋਣ ਜਸਵੰਤ ਸਿੰਘ ਦੀ ਅਗਵਾਈ ਵਿੱਚ ਕੀਤੀ ਗਈ। ਜਿਸ ਵਿੱਚ ਜਿਲਾ ਪ੍ਰਧਾਨ ਗੁਰਵਿੰਦਰ ਸਿੰਘ ਜੀਵਨ ਚੱਕ ,ਦਲਬੀਰ ਸਿੰਘ ਜੀਵਨ ਚੱਕ ਜਨਰਲ ਸਕੱਤਰ ,ਮੰਗਤ ਸਿੰਘ ਜੀਵਨ ਚੱਕ ਖਜਾਨਚੀ ਵਿਸ਼ੇਸ ਤੌਰ ਤੇ ਹਾਜ਼ਰ ਹੋਏ । ਇਸ ਤੋਂ ਇਲਾਵਾ ਗੁਰਪ੍ਰੀਤ ਸਿੰਘ ,ਨਿਰਮਲ ਸਿੰਘ,ਸਿਮਰਨਜੀਤ ਸਿੰਘ ਮਗਰਮੂਦੀਆ ਹਾਜਰ ਸਨ । ਇਸ ਸਮੇਂ ਸਮੂਹ ਜਥੇਬੰਦੀ ਵਲੋਂ ਜਸਪਾਲ ਸਿੰਘ ਨੂੰ ਪ੍ਰਧਾਨ,ਹਰਭਜਨ ਸਿੰਘ ਨੂੰ ਮੀਤ ਪ੍ਰਧਾਨ,ਕੁਲਵੰਤ ਸਿੰਘ ਜਨਰਲ ਸਕੱਤਰ,ਪਿਆਰਾ ਸਿੰਘ ਨੂੰ ਸਕੱਤਰ,ਦਲਜੀਤ ਸਿੰਘ ਨੂੰ ਪ੍ਰੈਸ ਸਕੱਤਰ,ਕੁਲਬੀਰ ਸਿੰਘ ਨੂੰ ਖਜਾਨਚੀ ਅਤੇ ਅਮਰੀਕ ਸਿੰਘ ,ਵੱਸਣ ਸਿੰਘ ,ਸੂਰਤ ਸਿੰਘ ,ਪਿਆਰਾ ਸਿੰਘ,ਦਲੀਪ ਸਿੰਘ ਨੂੰ ਮੈਂਬਰ ਨਿਯੁਕਤ ਕੀਤਾ ਗਿਆ । ਇਸ ਸਮੇਂ ਨਵੀਂ ਬਣੀ ਇਕਾਈ ਦੇ ਅਹੁੰਦੇਦਾਰਾਂ ਨੂੰ ਭਰੋਸਾ ਦਿਵਾਇਆ ਕਿ ਉਹ ਜਥੇਬੰਦੀ ਦੀ ਬਿਹਤਰੀ ਲਈ ਦਿਨ ਰਾਤ ਕੰਮ ਕਰਨਗੇ ।

# ਸਤਲੁਜ ਦਰਿਆ ਤੇ ਬਿਸਤ ਦੁਆਬ ਨਹਿਰ 'ਚ ਨਹਾਉਣ ਦੀ ਮਨਾਹੀ

• ਨਵਾਂਸ਼ਹਿਰ/ਜਤਿੰਦਰ ਪਾਲ ਸਿੰਘ ਕਲੇਰ

ਜ਼ਿਲ੍ਹਾ ਮੈਜਿਸਟਰੇਟ ਨਵਜੋਤ ਪਾਲ ਸਿੰਘ ਰੰਧਾਵਾ ਨੇ ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ ਦੀ ਹਦੂਦ ਅੰਦਰ ਪੈਂਦੇ ਦਰਿਆ ਸਤਲੁਜ ਅਤੇ ਬਿਸਤ ਦੁਆਬ ਨਹਿਰ 'ਚ ਨਹਾਉਣ 'ਤੇ ਪਾਬੰਦੀ ਲਗਾਈ ਹੈ। ਜ਼ਿਲ੍ਹਾ ਮੈਜਿਸਟਰੇਟ ਵੱਲੋਂ ਫੌਜਦਾਰੀ ਜ਼ਾਬਤਾ ਸੰਘਤਾ 1973 (1974 ਦੇ ਐਕਟ 2) ਦੀ ਧਾਰਾ 144 ਅਧੀਨ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਨਾਲ ਕੀਤੀ ਇਹ ਮਨਾਹੀ, ਇਨ੍ਹਾਂ ਦੋਵਾਂ ਥਾਂਵਾਂ 'ਤੇ ਨਹਾਉਣ ਵਾਲਿਆਂ ਦੇ ਡੂੰਘੇ ਪਾਣੀ 'ਚ ਜਾਣ ਅਤੇ ਪਾਣੀ ਦੇ ਵਿੱਚ ਡੁੱਬਣ ਨਾਲ ਹੋਈਆਂ ਅਣਸੁਖਾਵੀਂਆਂ ਘਟਨਾਵਾਂ ਦੇ ਮੱਦੇਨਜ਼ਰ ਕੀਤੀ ਹੈ। ਜ਼ਿਲ੍ਹਾ ਮੈਜਿਸਟਰੇਟ ਅਨੁਸਾਰ ਅਜਿਹੀਆਂ ਮੰਦਭਾਗੀਆਂ ਘਟਨਾਵਾਂ ਵਾਪਰਨ ਕਾਰਨ ਪਰਿਵਾਰ ਦੇ ਨਾਲ-ਨਾਲ ਜ਼ਿਲ੍ਹਾ ਪ੍ਰਸ਼ਾਸਨ ਵੀ ਦੁੱਖ ਮਹਿਸੂਸ ਕਰਦਾ ਹੈ, ਜਿਸ ਲਈ ਇਹ ਰੋਕ ਲਾਈ ਜਾਣੀ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਜੇਕਰ ਕੋਈ ਵਿਅਕਤੀ ਮੌਕੇ 'ਤੇ ਨਹਾਉਂਦਾ ਪਕੜਿਆ ਜਾਂਦਾ ਹੈ ਤਾਂ ਉਸ ਖ਼ਿਲਾਫ਼ ਜ਼ਿਲ੍ਹਾ ਮੈਜਿਸਟਰੇਟ ਦੇ ਹੁਕਮਾਂ ਦੀ ਉਲੰਘਣਾ ਤਹਿਤ ਪੁਲਿਸ ਵਿਭਾਗ ਨੂੰ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਇਹ ਹੁਕਮ 20 ਅਗਸਤ 2023 ਤੋਂ 19 ਅਕਤੂਬਰ, 2023 ਤੱਕ ਲਾਗੂ ਰਹਿਣਗੇ।




ਆਜ਼ਾਦੀ ਦਿਹਾੜੇ ਮੌਕੇ ਸ਼ਹੀਦ ਭਗਤ ਸਿੰਘ ਯੂਥ ਅਤੇ ਵੈਲਫੇਅਰ ਕਲੱਬ ਗੰਭੀਰਪੁਰ ਵਲੋਂ ਸਰਕਾਰੀ ਹਾਈ ਸਕੂਲ ਗੰਭੀਰਪੁਰ ਵਿਖੇ ਕਰਵਾਏ ਸਮਾਗਮ ਮੌਕੇ ਪ੍ਰਿੰਸੀਪਲ ਸ਼੍ਰੀਮਤੀ ਮਨਜਤਿੰਦਰ ਕੌਰ ਵਲੋਂ ਸਿੱਖਿਆ ਦੇ ਖੇਤਰ ਵਿਚ ਵਧੀਆ ਸੇਵਾਵਾਂ ਨਿਭਾਉਣ ਬਦਲੇ ਕਮਰਸ ਕ੍ਰਸ਼ ਅਕੈਡਮੀ ਦੇ ਰਬਪ੍ਰੀਤ ਸਿੰਘ ਨੂੰ ਵਿਸ਼ੇਸ਼ ਤੋਰ ਤੇ ਸਨਮਾਨਿਤ ਕੀਤਾ ਗਿਆ।

ਫੋਟੋ ਤੇ ਵੇਰਵਾ-: ਦਵਿੰਦਰਪਾਲ ਸਿੰਘ, ਸ੍ਰੀ ਅਨੰਦਪੁਰ ਸਾਹਿਬ।

# ਹੈਲਥ ਇੰਸਪੈਕਟਰ ਪ੍ਰਭਜੋਤ ਸਿੰਘ ਵਲੋਂ ਆਪਣਾ ਚਾਰਜ ਸੰਭਾਲਿਆ



• ਦੋਰਾਂਗਲਾ,ਰਾਕੇਸ਼ ਜੀਵਨ ਚੱਕ

ਸਿਵਲ ਸਰਜਨ ਗੁਰਦਾਸਪੁਰ ਡਾ ਹਰਭਜਨ ਰਾਮ ਮਾਂਡੀ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਅਤੇ ਐਸ ਐਮ ਓ ਡਾ ਲਖਵਿੰਦਰ ਸਿੰਘ ਅਠਵਾਲ ਜੀ ਦੀ ਯੋਗ ਅਗਵਾਈ ਹੇਠ ਅੱਜ ਪੀ ਐਚ ਸੀ ਕਲਾਨੌਰ ਵਿਖੇ ਹੈਲਥ ਇੰਸਪੈਕਟਰ ਪ੍ਰਭਜੋਤ ਸਿੰਘ ਵਲੋਂ ਆਪਣਾ ਚਾਰਜ ਸੰਭਾਲ ਲਿਆ ਹੈ । ਚਾਰਜ ਸੰਭਾਲਣ ਸਮੇਂ ਬੀ ਈ ਈ ਗੁਰਪ੍ਰੀਤ ਸਿੰਘ , ਸਿਹਤ ਮੁਲਾਜ਼ਮ ਅਮਰਜੀਤ ਸਿੰਘ, ਗੁਰਮੇਜ ਸਿੰਘ ,ਨਰਿੰਦਰ ਸਿੰਘ,ਜਤਿੰਦਰ ਸਿੰਘ ਆਦਿ ਵਲੋਂ ਫੁੱਲਾਂ ਦੇ ਹਾਰ ਪਾ ਕੇ ਸਨਮਾਨਿਤ ਕੀਤਾ ਗਿਆ । ਇਸ ਸਮੇਂ ਐਚ ਆਈ ਪ੍ਰਭਜੋਤ ਸਿੰਘ ਵਲੋਂ ਸਮੂਹ ਸਿਹਤ ਮੁਲਾਜ਼ਮਾਂ ਦਾ ਸਨਮਾਨਿਤ ਕਰਨ ਤੇ ਧੰਨਵਾਦ ਕੀਤਾ ਗਿਆ ਅਤੇ ਸਮੂਹ ਸਿਹਤ ਮੁਲਾਜ਼ਮਾਂ ਨੂੰ ਭਰੋਸਾ ਦਿਵਾਇਆ ਕਿ ਉਹ ਪਹਿਲਾ ਦੀ ਤਰ੍ਹਾਂ ਹੀ ਆਪਣੀ ਡਿਊਟੀ ਇਮਾਨਦਾਰੀ ਨਾਲ ਨਿਭਾਉਂਣਗੇ । ਦੱਸਣਯੋਗ ਹੈ ਕਿ ਪ੍ਰਭਜੋਤ ਸਿੰਘ ਵਲੋਂ ਐਚ ਐਚ ਸੀ ਗਾਹਲੜੀ ਵਿੱਖੇ ਹੈਲਥ ਵਰਕਰ ਦੇ ਅਹੁੰਦੇ ਤੇ ਇਮਾਨਦਾਰੀ ਨਾਲ ਆਪਣੀਆਂ ਸੇਵਾਵਾਂ ਨਿਭਾਇਆ ਸਨ । ਜਿਸ ਕਰਕੇ ਸਿਹਤ ਵਿਭਾਗ ਵਲੋਂ ਉਹਨਾਂ ਦੀਆਂ ਵਧੀਆ ਸੇਵਾਵਾਂ ਨੂੰ ਵੇਖਦੇ ਹੋਏ ਪੱਦਉਨਤ ਕਰਕੇ ਹੈਲਥ ਇੰਸਪੈਕਟਰ ਬਣਾਇਆ ਗਿਆ ।

# ਸਮਾਰਟ ਮੀਟਰ ਵਿਰੋਧੀ ਫਰੰਟ ਨੇ ਨਿਗਰਾਨ ਇੰਜੀਨੀਅਰ ਨੂੰ ਸੌਂਪਿਆ ਮੁੱਖ ਮੰਤਰੀ ਦੇ ਨਾਂਅ ਚੇਤਾਵਨੀ ਪੱਤਰ

## ਸਮਾਰਟ ਮੀਟਰ ਲਾਉਣ ਦਾ ਤਿੱਖਾ ਵਿਰੋਧ ਕਰਨ ਦਾ ਕੀਤਾ ਐਲਾਨ



**• ਸਹੀਦ ਭਗਤ ਸਿੰਘ ਨਗਰ**

ਜਨਤਕ ਜਥੇਬੰਦੀਆਂ ਉੱਤੇ ਅਧਾਰਤ 'ਸਮਾਰਟ ਮੀਟਰ ਵਿਰੋਧੀ ਫਰੰਟ' ਵੱਲੋਂ ਪਾਵਰਕੌਮ ਦੇ ਨਿਗਰਾਨ ਇੰਜੀਨੀਅਰ ਨਰੇਸ਼ ਕੁਮਾਰ ਨੂੰ ਮੁੱਖ ਮੰਤਰੀ ਪੰਜਾਬ ਦੇ ਨਾਂਅ ਸਮਾਰਟ ਮੀਟਰਾਂ ਦੇ ਵਿਰੋਧ ਵਿਚ ਚੇਤਾਵਨੀ ਪੱਤਰ ਸੌਂਪਿਆ ਗਿਆ ।ਇਸ ਡੈਪੂਟੇਸ਼ਨ ਵਿਚ ਜਥੇਬੰਦੀਆਂ ਦੇ ਇਕ ਸੌ ਦੇ ਕਰੀਬ ਨੇਤਾ ਅਤੇ ਵਰਕਰ ਸ਼ਾਮਲ ਸਨ ।ਚੇਤਾਵਨੀ ਪੱਤਰ ਵਿਚ ਕਿਹਾ ਗਿਆ ਕਿ ਪੰਜਾਬ ਸਰਕਾਰ ਪਾਵਰਕੌਮ ਰਾਹੀਂ ਬਿਜਲੀ ਖਪਤਕਾਰਾਂ ਦੇ ਪਹਿਲਾਂ ਲੱਗੇ ਡਿਜੀਟਲ ਮੀਟਰਾਂ ਦੀ ਥਾਂ ਚਿੱਪ ਵਾਲੇ ਪ੍ਰੀਪੇਡ ਸਮਾਰਟ ਮੀਟਰ ਲਾਉਣ ਜਾ ਰਹੀ ਹੈ ਜੋ ਜਥੇਬੰਦੀਆਂ ਨਹੀਂ ਲੱਗਣ ਦੇਣਗੀਆਂ ,ਇਸਦਾ ਡੱਟਵਾਂ ਵਿਰੋਧ ਕੀਤਾ ਜਾਵੇਗਾ ।ਇਸ ਮੌਕੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਰਤੀ ਕਿਸਾਨ ਯੂਨੀਅਨ ਦੇ ਜਿਲਾ ਪ੍ਰਧਾਨ ਸੁਰਿੰਦਰ ਸਿੰਘ ਬੈਂਸ, ਸੂਬਾ ਕਮੇਟੀ ਮੈਂਬਰ ਭੁਪਿੰਦਰ ਸਿੰਘ ਵੜੈਚ, ਜਿਲਾ ਸਕੱਤਰ ਤਰਸੇਮ ਸਿੰਘ ਬੈਂਸ, ਤਹਿਸੀਲ ਨਵਾਂਸ਼ਹਿਰ ਦੇ ਪ੍ਰਧਾਨ ਪਰਮਜੀਤ ਸਿੰਘ ਸ਼ਹਾਬ ਪੁਰ,ਇਸਤਰੀ ਵਿੰਗ ਦੇ ਜਿਲਾ ਪ੍ਰਧਾਨ ਸੁਰਜੀਤ ਕੌਰ ਉਟਾਲ,ਪਰਵਾਸੀ ਮਜਦੂਰ ਯੂਨੀਅਨ ਦੇ ਜਿਲਾ ਪ੍ਰਧਾਨ ਪਰਵੀਨ ਕੁਮਾਰ ਨਿਰਾਲਾ, ਇਫਟੂ ਦੇ ਸੂਬਾ ਸਹਾਇਕ ਸਕੱਤਰ ਅਵਤਾਰ ਸਿੰਘ ਤਾਰੀ ,ਜਿਲਾ ਪ੍ਰਧਾਨ ਗੁਰਦਿਆਲ ਰੱਕੜ,ਉਸਾਰੀ ਮਿਸਤਰੀ ਮਜਦੂਰ ਯੂਨੀਅਨ ਦੇ ਆਗੂ ਨਿਰਮਲ ਸਿੰਘ ਜੰਡੀ, ਸ਼ਿਵ ਨੰਦਨ, ਰੇਹੜੀ ਵਰਕਰਜ਼ ਯੂਨੀਅਨ ਦੇ ਪ੍ਰਧਾਨ ਹਰੇ ਰਾਮ,ਹਰੀ ਲਾਲ,ਆਟੋ ਵਰਕਰਜ਼ ਯੂਨੀਅਨ ਦੇ ਆਗੂ ਨਰਿੰਦਰ ਸਿੰਘ, ਪੇਂਡੂ ਮਜਦੂਰ ਯੂਨੀਅਨ ਦੇ ਆਗੂਆਂ ਹਰੀ ਰਾਮ ਰਸੂਲਪੁਰੀ, ਸੁਰਿੰਦਰ ਮੀਰਪੁਰੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਦੀ ਮਾਨ ਸਰਕਾਰ ਬਿਜਲੀ ਖਪਤਕਾਰਾਂ ਦੇ ਪ੍ਰਾਈਵੇਟ ਕੰਪਨੀ ਦੇ ਪ੍ਰੀਪੇਡ ਸਮਾਰਟ ਮੀਟਰ ਲਾ ਕੇ ਪਾਵਰਕੌਮ ਦਾ ਨਿੱਜੀਕਰਨ ਕਰਨ ਜਾ ਰਹੀ ਹੈ ।ਨਿੱਜੀਕਰਨ ਨਾਲ ਸਸਤੀ ਅਤੇ ਮੁਫਤ ਬਿਜਲੀ ਦੀ ਸਹੂਲਤ ਖਤਮ ਕਰ ਦਿੱਤੀ ਜਾਵੇਗੀ ।ਸਮਾਰਟ ਮੀਟਰਾਂ ਦਾ ਵਿੱਤੀ ਬੋਝ ਵੀ ਖਪਤਕਾਰਾਂ ਉੱਤੇ ਪਵੇਗਾ ।ਇਸ ਲਈ ਸਮਾਰਟ ਮੀਟਰ ਲਾਉਣ ਦਾ ਤਿੱਖਾ ਵਿਰੋਧ ਕੀਤਾ ਜਾਵੇਗਾ ਉਹਨਾਂ ਕਿਹਾ ਕਿ ਬੀਤੇ ਦਿਨੀਂ ਪਿੰਡ ਸ਼ਹਾਬ ਪੁਰ ਵਿਚ ਲਾਏ ਗਏ 21 ਸਮਾਰਟ ਮੀਟਰ ਲੋਕਾਂ ਵੱਲੋਂ ਪੁੱਟਕੇ ਉਹਨਾਂ ਦੀ ਥਾਂ ਪੁਰਾਣੇ ਡਿਜੀਟਲ ਮੀਟਰ ਲਾਉਣ ਲਈ ਪਾਵਰਕੌਮ ਦੇ ਉੱਪ ਮੰਡਲ ਜਾਡਲਾ ਦੇ ਕਰਮਚਾਰੀਆਂ ਨੂੰ ਮਜਬੂਰ ਕੀਤਾ ਅਤੇ ਡਿਜੀਟਲ ਮੀਟਰ ਲਗਵਾਏ ।ਆਗੂਆਂ ਨੇ ਕਿਹਾ ਕਿ ਸਮਾਰਟ ਮੀਟਰਾਂ ਦੇ ਵਿਰੁੱਧ 28 ਅਗਸਤ ਨੂੰ ਪਾਵਰਕੌਮ ਦੇ ਨਿਗਰਾਨ ਇੰਜੀਨੀਅਰ ਦੇ ਨਵਾਂਸ਼ਹਿਰ ਦਫਤਰ ਅੱਗੇ ਵੱਡੀ ਗਿਣਤੀ ਵਿਚ ਧਰਨਾ ਦਿੱਤਾ ਜਾਵੇਗਾ।

# ਗਿਆਨ ਪ੍ਰਚੰਡ ਪ੍ਰਸ਼ਨੋਤਰੀ ਮੁਕਾਬਲੇ 'ਚ ਭਾਈ ਨੰਦ ਲਾਲ ਪਬਲਿਕ ਸਕੂਲ ਦੇ ਵਿਦਿਆਰਥੀਆਂ ਨੇ ਹਾਸਿਲ ਕੀਤਾ ਤੀਜਾ ਸਥਾਨ



**• ਸ੍ਰੀ ਅਨੰਦਪੁਰ ਸਾਹਿਬ/ ਦਵਿੰਦਰਪਾਲ ਸਿੰਘ**

## ■ ਦਿਲਪ੍ਰੀਤ ਸਿੰਘ, ਹੁਨਰਦੀਪ ਸਿੰਘ ਅਤੇ ਪਕਾਰਜੋਤ ਕੌਰ ਨੇ 51000 ਰੁਪਏ ਅਤੇ ਪ੍ਰਸੰਸਾ ਪੱਤਰ ਹਾਸਿਲ ਕੀਤੇ

ਸਿੱਖ ਪੰਥ ਦੀ ਸਿਰਮੌਰ ਸੰਸਥਾ ਸ਼?ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਅਤੇ ਡਾਇਰੈਕਟੋਰੇਟ ਆਫ ਐਜੂਕੇਸ਼ਨ, ਬਹਾਦਰਗੜ੍ਹ ਵੱਲੋਂ ਸ਼?ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੇ ਪ੍ਰਬੰਧ ਅਧੀਨ ਚੱਲ ਰਹੇ ਸਕੂਲਾਂ ਦੇ ÷ਗਿਆਨ ਪ੍ਰਚੰਡ ਪ੍ਰਸ਼ਨੋਤਰੀ ਮੁਕਾਬਲੇ÷ ਕਰਵਾਏ ਗਏ ਸਨ।ਇਸ ਮੁਕਾਬਲੇ ਵਿਚ 48 ਸਕੂਲਾਂ ਨੇ ਭਾਗ ਲਿਆ। ਜਿਸ ਵਿੱਚ ਭਾਈ ਨੰਦ ਲਾਲ ਪਬਲਿਕ ਸਕੂਲ, ਸ੍ਰੀ ਅਨੰਦਪੁਰ ਸਾਹਿਬ ਦੇ ਵਿਦਿਆਰਥੀ ਦਿਲਪ੍ਰੀਤ ਸਿੰਘ, ਹੁਨਰਦੀਪ ਸਿੰਘ, ਪਕਾਰਜੋਤ ਕੌਰ ਨੇ ਤੀਜਾ ਸਥਾਨ ਹਾਸਿਲ ਕਰਕੇ 51000 ਰੁਪਏ ਅਤੇ ਪ੍ਰਸੰਸਾ ਪੱਤਰ ਹਾਸਿਲ ਕੀਤੇ। ਕੱਲ ਮਿਤੀ 17 ਅਗਸਤ 2023 ਨੂੰ ਸ੍ਰੀ ਅੰਮ੍ਰਿਤਸਰ ਵਿਖੇ ਸ੍ਰ. ਗੁਰਚਰਨ ਸਿੰਘ ਗਰੇਵਾਲ, (ਜਨਰਲ ਸਕੱਤਰ), ਸ੍ਰ. ਸੁਖਮਿੰਦਰ ਸਿੰਘ (ਸਕੱਤਰ ਵਿੱਦਿਆ) ਵੱਲੋ ਤਿੰਨੋ ਵਿਦਿਆਰਥੀਆਂ ਨੂੰ 17000-17000 ਦੇ ਚੈੱਕ ਵੰਡ ਕੇ ਉਤਸ਼ਾਹਿਤ ਕੀਤਾ ਗਿਆ। ਸਕੂਲ ਦੇ ਪ੍ਰਿੰਸੀਪਲ ਸ੍ਰ.ਸਤਨਾਮ ਸਿੰਘ ਵੱਲੋਂ ਵਿਦਿਆਰਥੀਆਂ ਨੂੰ ਉਤਸ਼ਾਹਿਤ ਕੀਤਾ ਗਿਆ ਅਤੇ ਹੋਰ ਮਿਹਨਤ ਕਰਕੇ ਜਿੰਦਗੀ ਵਿਚ ਸਫਲ ਹੋਣ ਦੀ ਪ੍ਰੇਰਨਾ ਦਿੱਤੀ ਗਈ। ਉਨ੍ਹਾਂ ਵੱਲੋਂ ਧਾਰਮਿਕ ਅਧਿਆਪਕ ਮੈਡਮ ਇੰਦਰਪ੍ਰੀਤ ਕੌਰ, ਸੁਖਜਿੰਦਰ ਕੌਰ ਅਤੇ ਵਿਦਿਆਰਥੀਆਂ ਦੇ ਮਾਤਾ ਪਿਤਾ ਨੂੰ ਵੀ ਮੁਬਾਰਕ ਦਿੱਤੀ ਗਈ।

# ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ ਨੇ ਇਤਿਹਾਸਕ ਸ਼ਸਤਰਾਂ ਦੇ ਦਰਸ਼ਨ ਕਰਵਾਏ




**• ਸ੍ਰੀ ਅਨੰਦਪੁਰ ਸਾਹਿਬ/ਦਵਿੰਦਰਪਾਲ ਸਿੰਘ**

ਸਿੱਖ ਕੌਮ ਦੇ ਮਹਾਨ ਜਰਨੈਲ ਅਕਾਲੀ ਬਾਬਾ ਫੂਲਾ ਸਿੰਘ ਜੀ ਦੀ ਦੂਜੀ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਗੁਰਦੁਆਰਾ ਰਾਮਗੜ੍ਹੀਆ ਕੋਵੈਂਨਟਰੀ ਯੂ.ਕੇ ਵਿਖੇ ਸ਼?ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ 14ਵੇਂ ਮੁਖੀ ਬਾਬਾ ਬਲਬੀਰ ਸਿੰਘ ਵੱਲੋਂ ਸਥਾਨਕ ਸੰਗਤਾਂ,ਪ੍ਰਬੰਧਕਾਂ ਦੇ ਸਹਿਯੋਗ ਨਾਲ ਗੁਰਮਤਿ ਸਮਾਗਮ ਕਰਵਾਏ ਗਏ, ਜਿਸ ਵਿੱਚ ਸਿੱਖਾਂ ਦੀ ਵਿਰਾਸਤ ਦੇ ਯਾਦਗਾਰੀ ਧਰੋਹਰ ਗੁਰੂ ਸਾਹਿਬਾਨਾਂ ਅਤੇ ਬੁੱਢਾ ਦਲ ਦੇ ਸਿੱਖ ਜਰਨੈਲਾਂ ਦੇ ਇਤਿਹਾਸਕ ਸ਼ਸਤਰ ਵਿਸ਼ੇਸ਼ ਖਿੱਚ ਦਾ ਕੇਂਦਰ ਬਿੰਦੂ ਰਹੇ।ਸਥਾਨਕ ਸੰਗਤਾਂ ਏਨ੍ਹਾਂ ਇਤਿਹਾਸਕ ਸ਼ਸਤਰਾਂ ਦੇ ਦਰਸ਼ਨ ਕਰਨ ਲਈ ਕਈ ਦਿਨਾਂ ਤੋਂ ਉਡੀਕ ਕਰ ਰਹੀਆਂ ਸਨ। ਬੁੱਢਾ ਦਲ ਦੇ 14 ਵੇਂ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਸ਼ਸਤਰਾਂ ਦਾ ਇਤਿਹਾਸ ਅਤੇ ਬੁੱਢਾ ਦਲ ਦੇ ਮੁਖੀ ਜਥੇਦਾਰਾਂ ਦੀਆਂ ਲਾ-ਮਿਸਾਲ ਕੁਰਬਾਨੀਆਂ ਦੀ ਵੀ ਸਾਂਝ ਸੰਗਤਾਂ ਨਾਲ ਪਾਈ ਅਤੇ ਖਾਲਸਾਈ ਜੈਕਾਰਿਆਂ ਦੀ ਗੂੰਜ਼ ਵਿੱਚ ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਕਟਾਰ, ਸਾਹਿਬੇ ਕਮਾਲ ਸ੍ਰੀ ਗੁਰੂ ਗੋਬਿੰਦ ਸਾਹਿਬ ਜੀ ਦੀ ਸ੍ਰੀ ਸਾਹਿਬ, ਸਾਹਿਬਜ਼ਾਦਾ ਫਤਿਹ ਸਿੰਘ ਜੀ ਦੀ ਢਾਲ, ਅਕਾਲੀ ਬਾਬਾ ਫੂਲਾ ਸਿੰਘ ਜੀ ਦਾ ਖੰਜਰ, ਮਹਾਰਾਜਾ ਜੱਸਾ ਸਿੰਘ ਜੀ ਰਾਮਗੜ੍ਹੀਆ ਦੀ ਸ਼ਮਸ਼ੀਰ, ਸ਼ਹੀਦ ਬਾਬਾ ਦੀਪ ਸਿੰਘ ਜੀ ਦੀ ਦਸਤਾਰ ਦਾ ਚੱਕਰ ਆਦਿ ਦੇ ਵਾਰੋਵਾਰੀ ਸ਼ਸਤਰਾਂ ਦੇ ਸੰਗਤਾਂ ਨੂੰ ਦਰਸ਼ਨ ਕਰਵਾਏ।

ਇਸ ਸਮੇਂ ਪੰਥ ਪ੍ਰਸਿੱਧ ਕੀਰਨਤੀਏ ਭਾਈ ਜਗੀਰ ਸਿੰਘ ਜੱਗੀ ਨੇ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ.ਰਣਧੀਰ ਸਿੰਘ ਬਮਰਾ ਅਤੇ ਜਨਰਲ ਸਕੱਤਰ ਸ. ਹਰਜਿੰਦਰ ਸਿੰਘ ਸੈਮੀ ਦੇ ਸਹਿਯੋਗ ਨਾਲ ਵਧੀਆਂ ਪ੍ਰਬੰਧ ਕੀਤੇ। ਇਸ ਸਮੇਂ ਗੁ: ਪ੍ਰਬੰਧਕਾਂ ਵੱਲੋਂ ਬਾਬਾ ਬਲਬੀਰ ਸਿੰਘ ਦਾ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ।ਇਸ ਸਮੇਂ ਬਾਬਾ ਹਰਜੀਤ ਸਿੰਘ ਖੰਡਾ ਖੜਕੇਗਾ, ਬਾਬਾ ਜਸਵਿੰਦਰ ਸਿੰਘ ਜੱਸੀ ਅਮਰੀਕਾ, ਪੰਥਕ ਸਟੇਜਾਂ ਦੇ ਸ਼ਿੰਗਾਰ ਪ੍ਰਚਾਰਕ ਗਿਆਨੀ ਭਗਵਾਨ ਸਿੰਘ ਜੌਹਲ ਤੇ ਹੋਰ ਸਥਾਨਕ ਨਿਹੰਗ ਸਿੰਘ ਵੱਡੀ ਗਿਣਤੀ ਵਿੱਚ ਬਾਬਾ ਜੀ ਦੇ ਨਾਲ ਸਨ। ਅਗਲਾ ਸਮਾਗਮ ਗੁਰਦੁਆਰਾ ਸਿੰਘ ਸਭਾ ਡਰਬੀ ਵਿਖੇ ਹੋਵੇਗਾ।

# ਸਿਹਤ ਮੰਤਰੀ ਡਾ. ਬਲਬੀਰ ਸਿੰਘ ਵੱਲੋਂ ਸੰਗਰੂਰ ਜ਼ਿਲ੍ਹੇ ਦੇ 4 ਸਰਕਾਰੀ ਹਸਪਤਾਲਾਂ ਨੂੰ ਅਪਗਰੇਡ ਕਰਨ ਸਬੰਧੀ ਅਧਿਕਾਰੀਆਂ ਨਾਲ ਸਮੀਖਿਆ ਮੀਟਿੰਗ



**• ਸੰਗਰੂਰ/ਕੁਲਵਿੰਦਰ ਸਿੰਘ ਧੀਮਾਨ**

ਮੁੱਖ ਮੰਤਰੀ ਭਗਵੰਤ ਮਾਨ ਦੇ ਦਿਸ਼ਾ ਨਿਰਦੇਸ਼ਾਂ ਹੇਠ ਅੱਜ ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ ਬਲਬੀਰ ਸਿੰਘ ਵੱਲੋਂ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਸੰਗਰੂਰ ਵਿਖੇ ਚਾਰ ਸਰਕਾਰੀ ਹਸਪਤਾਲਾਂ ਨੂੰ ਅਪਗਰੇਡ ਕਰਨ ਲਈ ਚੁੱਕੇ ਜਾਣ ਵਾਲੇ ਕਦਮਾਂ ਬਾਰੇ ਅਧਿਕਾਰੀਆਂ ਨਾਲ ਸਮੀਖਿਆ ਮੀਟਿੰਗ ਕੀਤੀ ਗਈ। ਮੀਟਿੰਗ ਦੌਰਾਨ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਨੇ ਕਿਹਾ ਕਿ ਸੂਬੇ ਦੇ ਲੋਕਾਂ ਨੂੰ ਵਿਸ਼ਵ ਪੱਧਰ ਦੀਆਂ ਸਰਵੋਤਮ ਸਿਹਤ ਸੇਵਾਵਾਂ ਪ੍ਰਦਾਨ ਕਰਨ ਦੇ ਮਿੱਥੇ ਟੀਚੇ ਨੂੰ ਪੂਰਾ ਕਰਨ ਲਈ ਪੜਾਅਵਾਰ ਤਰੀਕੇ ਨਾਲ ਕਾਰਜ ਸ਼ੁਰੂ ਕੀਤੇ ਗਏ ਹਨ ਜਿਸ ਤਹਿਤ ਪੰਜਾਬ ਦੇ 40 ਹਸਪਤਾਲਾਂ ਜਾਂ ਸੈਕੰਡਰੀ ਸਿਹਤ ਸਹੂਲਤਾਂ ਨੂੰ ਅਪਗਰੇਡ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਸੰਗਰੂਰ ਦੇ ਚਾਰ ਹਸਪਤਾਲਾਂ ਦੀਆਂ ਇਮਾਰਤਾਂ ਨੂੰ ਅਤਿ ਆਧੁਨਿਕ ਸੁਵਿਧਾਵਾਂ ਅਤੇ ਉਪਕਰਨਾਂ ਨਾਲ ਲੈਸ ਕੀਤਾ ਜਾਵੇਗਾ ਅਤੇ ਇਸ ਕੰਮ ਨੂੰ ਤਰਜੀਹ ਦੇ ਆਧਾਰ ਤੇ ਨੇਪਰੇ ਚੜ੍ਹਾਉਣ ਲਈ ਉਹ ਖੁਦ ਸਿਹਤ ਵਿਭਾਗ ਦੇ ਉੱਚ ਅਧਿਕਾਰੀਆਂ ਸਮੇਤ ਵੱਖ ਵੱਖ ਜ਼ਿਲ੍ਹਿਆਂ ਦਾ ਦੌਰਾ ਕਰਕੇ ਸਬੰਧਤ ਜ਼ਿਲਿਆਂ ਵਿਚ ਕਾਰਜਕਾਰੀ ਏਜੰਸੀਆਂ ਨਾਲ ਮੀਟਿੰਗ ਕਰਕੇ ਜਾਇਜ਼ਾ ਲੈ ਰਹੇ ਹਨ ਤਾਂ ਜੋ ਨਿਰਧਾਰਿਤ ਟੀਚੇ ਨੂੰ ਛੇਤੀ ਤੋਂ ਛੇਤੀ ਪੂਰਾ ਕੀਤਾ ਜਾ ਸਕੇ।

ਇਸ ਮੌਕੇ ਪ੍ਰਮੁੱਖ ਸਕੱਤਰ ਸਿਹਤ ਵਿਵੇਕ ਪ??ਰਤਾਪ ਸਿੰਘ, ਮੈਨੇਜਿੰਗ ਡਾਇਰੈਕਟਰ ਪੀ.ਐਸ.ਐਚ.ਸੀ ਪਰਦੀਪ ਕੁਮਾਰ ਅਗਰਵਾਲ, ਡਾਇਰੈਕਟਰ ਸਿਹਤ ਵਿਭਾਗ ਡਾ. ਆਦਰਸ਼ਪਾਲ ਕੌਰ ਵੀ ਉਨ੍ਹਾਂ ਦੇ ਨਾਲ ਮੌਜੂਦ ਸਨ। ਜ਼ਿਕਰਯੋਗ ਹੈ ਕਿ ਜ਼ਿਲ੍ਹਾ ਸੰਗਰੂਰ ਵਿੱਚ ਸਿਵਲ ਹਸਪਤਾਲ ਸੰਗਰੂਰ, ਸਬ ਡਵੀਜ਼ਨਲ ਹਸਪਤਾਲ ਧੂਰੀ, ਕਮਿਊਨਿਟੀ ਹੈਲਥ ਸੈਂਟਰ ਕੌਹਰੀਆਂ ਅਤੇ ਰੂਰਲ ਹਸਪਤਾਲ ਚੀਮਾ ਨੂੰ ਅਪਗਰੇਡ ਕੀਤਾ ਜਾ ਰਿਹਾ ਹੈ। ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਨੇ ਸਿਹਤ ਮੰਤਰੀ ਨੂੰ ਸਬੰਧਤ ਹਸਪਤਾਲਾਂ ਦੀ ਮੌਜੂਦਾ ਸਥਿਤੀ ਅਤੇ ਅਪਗਰੇਡੇਸ਼ਨ ਦੀਆਂ ਜ਼ਰੂਰਤਾਂ ਬਾਰੇ ਪ੍ਰੋਜੈਕਟਰ ਅਤੇ ਨਕਸ਼ਿਆਂ ਰਾਹੀਂ ਵਿਸਥਾਰ ਵਿੱਚ ਜਾਣਕਾਰੀ ਦਿੱਤੀ। ਸਿਹਤ ਮੰਤਰੀ ਨੇ ਦੱਸਿਆ ਕਿ ਹਸਪਤਾਲਾਂ ਵਿੱਚ ਮਰੀਜ਼ਾਂ ਦੀ ਸੁਵਿਧਾ ਨੂੰ ਯਕੀਨੀ ਬਣਾਉਣ ਲਈ ਵਧੀਆ ਮਾਹੌਲ ਸਿਰਜਣ ਦੇ ਵਿਲੱਖਣ ਯਤਨ ਕੀਤੇ ਜਾ ਰਹੇ ਹਨ।

ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਵਰਜੀਤ ਵਾਲੀਆ, ਸਹਾਇਕ ਕਮਿਸ਼ਨਰ ਜਸਪਿੰਦਰ ਸਿੰਘ, ਐਸ.ਡੀ.ਐਮ ਨਵਰੀਤ ਕੌਰ ਸੇਖੋਂ, ਸਿਵਲ ਸਰਜਨ ਡਾ. ਪਰਮਿੰਦਰ ਕੌਰ, ਸੀਨੀਅਰ ਆਗੂ ਮਨਦੀਪ ਸਿੰਘ ਲੱਖੇਵਾਲ ਸਮੇਤ ਸਮੂਹ ਕਾਰਜਕਾਰੀ ਏਜੰਸੀਆਂ ਦੇ ਅਧਿਕਾਰੀ ਵੀ ਹਾਜ਼ਰ ਸਨ।

# ਇਲਾਕੇ ਦੀਆਂ ਮੁਟਿਆਰਾਂ ਵਲੋਂ ਧੂਮਧਾਮ ਨਾਲ ਮਨਾਇਆ ਤੀਆਂ ਦਾ ਤਿਓਹਾਰ

## ਗਿੱਧਾ, ਭੰਗੜਾ, ਬੋਲੀਆਂ ਪਾ ਕੇ 'ਤੇ ਪੀਘਾਂ ਝੂਟ ਕੇ ਕੀਤਾ ਗਿਆ ਮਨੋਰੰਜਨ



• ਰੂਪਨਗਰ/ਦਵਿੰਦਰਪਾਲ ਸਿੰਘ

ਸਾਉਣ ਦੇ ਮਹੀਨੇ ਵਿਚ ਮੁਟਿਆਰਾਂ ਵਲੋਂ ਤੀਆਂ ਦਾ ਤਿਓਹਾਰ ਹਰ ਸਾਲ ਦੀ ਤਰਾਂ ਇਸ ਵਾਰ ਵੀ ਵੱਖ-ਵੱਖ ਥਾਵਾਂ ਤੇ ਇਸ ਵਾਰ ਵੀ ਬੜੇ ਹੀ ਚਾਅ ਤੇ ਉਤਸ਼ਾਹ ਦੇ ਨਾਲ ਮਨਾਇਆ ਜਾ ਰਿਹਾ ਹੈ। ਇਸੇ ਤਰਾਂ ਮੋਰਿੰਡਾ ਇਲਾਕੇ ਦੀਆਂ ਮੁਟਿਆਰਾਂ ਅਤੇ ਔਰਤਾਂ ਵਲੋਂ ਵੀ ਹੋਟਲ ਕਰਾਊਨ ਵਿਖੇ ਮੈਡਮ ਕਰਤਾਪ੍ਰੀਤ ਕੌਰ ਭਾਟੀਆ ਦੀ ਅਗਵਾਈ ਵਿਚ ਤੀਆਂ ਦਾ ਤਿਓਹਾਰ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਕਰਵਾਏ ਗਏ ਸੰਖੇਪ ਸਮਾਗਮ ਦੌਰਾਨ ਜਿੱਥੇ ਤੀਆਂ ਦੇ ਤਿਉਹਾਰ ਦੀਆਂ ਧੂੰਮਾਂ ਪਾਈਆਂ ਗਈਆਂ ਉਥੇ ਹੀ ਮੁਟਿਆਰਾਂ ਵਲੋਂ ਗਿੱਧਾ, ਭੰਗੜਾ, ਬੋਲੀਆਂ ਪਾ ਕੇ 'ਤੇ ਪੀਘਾਂ ਝੂਟ ਕੇ ਖੂਬ ਮਨੋਰੰਜਨ ਵੀ ਕੀਤਾ ਗਿਆ। ਇਸ ਸੰਬੰਧੀ ਹੋਰ ਜਾਣਕਾਰੀ ਦਿੰਦਿਆਂ ਕਰਤਾਪ੍ਰੀਤ ਕੌਰ ਭਾਟੀਆ ਨੇ ਦੱਸਿਆ ਕਿ ਧੀਆਂ ਨੂੰ ਪੰਜਾਬੀ ਸੱਭਿਆਚਾਰ ਨਾਲ ਜੋੜਨ 'ਚ ਜਿਥੇ ਤੀਆਂ ਦੇ ਤਿਓਹਾਰ ਦੀ ਅਹਿਮ ਭੂਮਿਕਾ ਹੈ। ਉਹਨਾਂ ਕਿਹਾ ਕਿ ਔਰਤਾਂ ਤੋਂ ਬਿਨਾਂ ਸਾਡਾ ਸਮਾਜ ਅਧੂਰਾ ਹੈ ਤੇ ਔਰਤਾਂ ਦਾ ਮਾਣ ਸਤਿਕਾਰ ਹੀ ਪੰਜਾਬੀ ਵਿਰਸੇ ਦੀ ਪਹਿਚਾਨ ਹੈ।

**■ ਔਰਤਾਂ ਤੋਂ ਬਿਨਾਂ ਸਾਡਾ ਸਮਾਜ ਅਧੂਰਾ ਹੈ ਤੇ ਔਰਤਾਂ ਦਾ ਮਾਣ ਸਤਿਕਾਰ ਹੀ ਪੰਜਾਬੀ ਵਿਰਸੇ ਦੀ ਪਹਿਚਾਨ ਹੈ**

ਇਸ ਮੌਕੇ ਸੀਮਾ ਭਾਟੀਆ, ਕਮਲ ਭਾਟੀਆ, ਸਾਨੀਆ ਭਾਟੀਆ, ਚੀਨਾ ਭਾਟੀਆ, ਮਨਜੋਤ ਕੌਰ ਅਰੋੜਾ, ਹਰਮਨ ਕੌਰ, ਪੂਨਮ ਭੋਲਾ, ਅਕ੍ਰਿਤੀ ਕਾਲੜਾ, ਜਸਲੀਨ ਕੌਰ ਅਰੋੜਾ, ਕਮਲ ਕੌਰ, ਪ੍ਰੀਤੀ ਕੌਰ, ਗੂੰਜਣ ਸੂਦ, ਰੀਤੂ ਸੂਦ ਆਦਿ ਹਾਜ਼ਰ ਸਨ।

## ਹੈਲੋ ਡਾਰਲਿੰਗ ਸਾਂਗ ਕੀਤਾ ਲਾਂਚ, ਮਸ਼ਹੂਰ ਕਲਾਕਾਰ ਕੀਰਤੀ ਵਰਮਾ ਨੇ ਕੀਤਾ ਸਾਂਗ ਲਾਂਚ



• ਚੰਡੀਗੜ੍ਹ

ਆਰਐਂਡਆਰ ਪ੍ਰੋਡਕਸ਼ਨ ਨੇ ਵੀਰਵਾਰ ਨੂੰ ਚੰਡੀਗੜ੍ਹ ਪ੍ਰੈੱਸ ਕਲੱਬ ਵਿਖੇ ਆਯੋਜਿਤ ਪ੍ਰੈੱਸ ਕਾਨਫਰੰਸ ਦੌਰਾਨ ਆਪਣਾ ਨਵਾਂ ਗੀਤ ਹੈਲੋ ਡਾਰਲਿੰਗ ਲਾਂਚ ਕੀਤਾ। ਟੀਵੀ ਸਕਰਿ?ਨੰਗ ਦੀ ਦੁਨੀਆ 'ਚ ਕਾਫੀ ਸੁਰਖੀਆਂ ਬਟੋਰ ਚੁਕੀ ਇਸ ਗੀਤ ਦੀ ਲੀਡ ਕਾਸਟ ਕੀਰਤੀ ਵਰਮਾ ਵੀ ਸ਼ਾਮਲ ਹੋਈ। ਕੀਰਤੀ ਵਰਮਾ, ਜਿਸ ਨੂੰ ਯੰਗ ਅਚੀਵਰਜ਼ ਲਈ ਦਾਦਾ ਸਾਹਿਬ ਫਾਲਕੇ ਅਵਾਰਡ ਨਾਲ ਸਨਮਾਨਿਤ ਕੀਤਾ ਗਿਆ ਹੈ, ਨੇ ਬਿੱਗ ਬੌਸ ਸੀਜ਼ਨ 12 ਅਤੇ ਐਮਟੀਵੀ ਰੋਡੀਜ਼ ਸਮੇਤ ਹੋਰ ਸ਼ੋਅਜ਼ ਵਿੱਚ ਦਰਸ਼ਕਾਂ 'ਤੇ ਅਮਿੱਟ ਛਾਪ ਛੱਡੀ ਹੈ। ਇਸ ਮੌਕੇ ਗੀਤ ਦੇ ਲੇਖਕ, ਗਾਇਕ ਅਤੇ ਮੁੱਖ ਕਿਰਦਾਰ ਰਾਜਨ ਕੁਮਾਰ ਨੇ ਦੱਸਿਆ ਕਿ ਉਸ ਨੇ ਇਹ ਗੀਤ ਆਪਣੇ ਕਾਲਜ ਦੇ ਦਿਨਾਂ ਦੌਰਾਨ ਟਾਈਮਪਾਸ ਦੌਰਾਨ ਲਿਖਿਆ ਸੀ। ਬਾਅਦ ਵਿੱਚ ਉਹ ਇੱਕ ਸ਼ਾਨਦਾਰ ਪ੍ਰੋਡਕਸ਼ਨ ਟੀਮ ਦੇ ਸੰਪਰਕ ਵਿੱਚ ਆਇਆ ਜਿਸ ਨੇ ਉਸਨੂੰ ਹੋਰ ਉਤਸ਼ਾਹਿਤ ਕੀਤਾ। ਉਨ੍ਹਾਂ ਨੇ ਆਪਣੇ ਇਸ ਅਧੂਰੇ ਗੀਤ ਵਿੱਚ ਹੋਰ ਜਾਨ ਪਾ ਦਿੱਤੀ ਹੈ ਅਤੇ ਹੁਣ ਇਸ ਨੂੰ ਨਵੇਂ ਅੰਦਾਜ਼ ਵਿੱਚ ਸਰੋਤਿਆਂ ਸਾਹਮਣੇ ਪੇਸ਼ ਕੀਤਾ ਹੈ। ਉਨ੍ਹਾਂ ਆਸ ਪ੍ਰਗਟਾਈ ਕਿ ਨੌਜਵਾਨਾਂ ਨੂੰ ਇਹ ਗੀਤ ਜ਼ਰੂਰ ਪਸੰਦ ਆਵੇਗਾ। ਦਿੱਲੀ ਵਾਸੀ ਕੀਰਤੀ ਵਰਮਾ ਨੇ ਦੱਸਿਆ ਕਿ ਇਹ ਉਨ੍ਹਾਂ ਦੀ ਚੰਡੀਗੜ੍ਹ ਦੀ ਪਹਿਲੀ ਫੇਰੀ ਨਹੀਂ ਹੈ। ਉਹ ਆਪਣੇ ਵੱਖ-ਵੱਖ ਪ੍ਰੋਜੈਕਟਾਂ ਲਈ ਸਮੇਂ-ਸਮੇਂ 'ਤੇ ਚੰਡੀਗੜ੍ਹ ਆਉਂਦੀ ਰਹਿੰਦੀ ਹੈ।

## ਪ੍ਰਧਾਨ ਮੰਤਰੀ ਰਾਸ਼ਟਰੀ ਬਾਲ ਪੁਰਸਕਾਰ ਲਈ ਚਾਹਵਾਨ ਬੱਚੇ 31 ਅਗਸਤ ਤੋਂ ਪਹਿਲਾਂ ਰਜਿਸਟਰੇਸ਼ਨ ਕਰਵਾਉਣ : ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ

**ਸੰਗਰੂਰ/ ਕੁਲਵਿੰਦਰ ਸਿੰਘ ਧੀਮਾਨ**

ਮਹਿਲਾ ਅਤੇ ਬਾਲ ਵਿਕਾਸ ਮੰਤਰਾਲਾ, ਭਾਰਤ ਸਰਕਾਰ ਵੱਲੋਂ ਜਾਰੀ ਪੱਤਰ ਵਿੱਚ ਦਰਜ ਦਿਸ਼ਾ ਨਿਰਦੇਸ਼ਾਂ ਤਹਿਤ ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਸੰਗਰੂਰ ਨਵਨੀਤ ਕੌਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪ੍ਰਧਾਨ ਮੰਤਰੀ ਰਾਸ਼ਟਰੀ ਬਾਲ ਪੁਰਸਕਾਰ ਹਰ ਸਾਲ ਉਨ੍ਹਾਂ ਬੱਚਿਆਂ ਨੂੰ ਦਿੱਤਾ ਜਾਂਦਾ ਹੈ, ਜਿਨ੍ਹਾਂ ਬੱਚਿਆਂ ਨੇ ਅਸਾਧਾਰਨ ਬਹਾਦਰੀ ਦਾ ਕੰਮ ਕੀਤਾ ਹੋਵੇ, ਸਪੈਸ਼ਲ ਬੱਚੇ ਜਿਨ੍ਹਾਂ ਨੇ ਅਸਾਧਾਰਨ ਯੋਗਤਾਵਾਂ ਨਾਲ ਵਿਸ਼ੇਸ਼ ਅਸਾਧਾਰਣ ਉਪਲਬਧੀਆਂ ਹਾਸਿਲ ਕੀਤੀ ਹੋਵੇ, ਉਹ ਅਸਾਧਾਰਣ ਬੱਚੇ ਜਿਨ੍ਹਾਂ ਨੇ ਖੇਡਾਂ, ਸਮਾਜ ਸੇਵਾ, ਵਿਗਿਆਨ ਅਤੇ ਤਕਨਾਲੋਜੀ, ਵਾਤਾਵਰਣ, ਕਲਾ ਅਤੇ ਸੱਭਿਆਚਾਰ ਅਤੇ ਨਵੀਨਤਾ ਦੇ ਖੇਤਰਾਂ ਵਿੱਚ, ਜੋ ਕਿ ਰਾਸ਼ਟਰੀ ਪੱਧਰ 'ਤੇ ਮਾਨਤਾ ਦੇ ਹੱਕਦਾਰ ਹਨ, ਜੋ ਬੱਚੇ ਭਾਰਤ ਦੇ ਨਾਗਰਿਕ ਹਨ ਅਤੇ ਅਰਜ਼ੀ ਦੇਣ ਦੀ ਅੰਤਿਮ ਮਿਤੀ ਤੱਕ 18 ਸਾਲ ਤੋਂ ਘੱਟ ਉਮਰ ਦੇ ਹਨ ਅਤੇ ਮੰਗੀ ਗਈ ਯੋਗਤਾ ਵਾਲੇ ਬੱਚੇ ਪ੍ਰਧਾਨ ਮੰਤਰੀ ਰਾਸ਼ਟਰੀ ਬਾਲ ਪੁਰਸਕਾਰ ਦੀ ਵੈਬਸਾਈਟ https://awards.gov.in ਤੇ ਆਪਣਾ ਰਜਿਸਟਰੇਸ਼ਨ ਕਰ ਸਕਦੇ ਹਨ 9 ਉਨ੍ਹਾਂ ਦੱਸਿਆ ਕਿ ਵੈਬਸਾਈਟ 'ਤੇ ਰਜਿਸਟ?ਰੇਸ਼ਨ ਦੀ ਅੰਤਿਮ ਮਿਤੀ 31 ਅਗਸਤ 2023 ਤੱਕ ਹੈ 9 ਉਨ੍ਹਾਂ ਦੱਸਿਆ ਕਿ ਐਵਾਰਡ ਵਿੱਚ ਇੱਕ ਮੈਡਲ ਹੁੰਦਾ ਹੈ, ਜੋ ਕਿ ਪ੍ਰਧਾਨ ਮੰਤਰੀ ਵੱਲੋਂ ਦਿੱਤਾ ਜਾਂਦਾ ਹੈ ਉਨ੍ਹਾਂ ਨੇ ਅਪੀਲ ਕੀਤੀ ਹੈ ਕਿ ਇਹ ਪੁਰਸਕਾਰ ਪਹਿਲਾ ਰਾਸ਼ਟਰੀ ਪੁਰਸਕਾਰ ਹੈ ਇਸ ਲਈ ਜ਼ਿਲ੍ਹੇ ਦੇ ਅਜਿਹੇ ਬੱਚਿਆਂ ਦਾ ਰਜਿਸਟਰੇਸ਼ਨ ਕਰਵਾਇਆ ਜਾਵੇ ਤਾਂ ਜੋ ਇਨ੍ਹਾਂ ਬੱਚਿਆਂ ਨੂੰ ਇੱਕ ਵੱਖਰੀ ਪਹਿਚਾਣ ਮਿਲ ਸਕੇ › ਉਨ੍ਹਾਂ ਦੱਸਿਆ ਕਿ ਵਧੇਰੇ ਜਾਣਕਾਰੀ ਲਈ ਦਫ਼ਤਰ ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਸੰਗਰੂਰ ਦੇ ਫੋਨ ਨੰਬਰ 01672-232100 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਕਿਸੇ ਵੀ ਪੱਤਰਕਾਰ ਨਾਲ ਸਿਆਸਤ ਨਾਲ ਸਬੰਧਿਤ ਵਿਅਕਤੀ ਜਾਂ ਕਿਸੇ ਵੀ ਮਹਿਕਮੇ ਦਾ ਮੁਲਾਜਮ ਵਧੀਕੀ ਕਰੇਗਾ ਤਾਂ ਉਸ ਦਾ ਖਬਰਾਂ ਲਾਉਣ ਤੋਂ ਬਾਈਕਾਟ ਕੀਤਾ ਜਾਵੇਗਾ



• ਬਲਾਚੌਰ /ਕਾਠਗੜ੍ਹ (ਜਤਿੰਦਰ ਪਾਲ ਸਿੰਘ ਕਲੇਰ

ਭੋਗਪੁਰ ਆਦਮਪੁਰ ਚੌਕੰ ਨਜਦੀਕ ਜੀਵਨ ਲਹਿਰ ਦੇ ਦਫਤਰ ਵਿਖੇ ਪੱਤਰਕਾਰਾਂ ਦੀ ਮੀਟਿੰਗ ਕੁੱਝ ਮੁੱਦਿਆਂ ਤੇ ਪੱਤਰਕਾਰਾਂ ਨੂੰ ਕੁਝ ਮਹਿਕਮਿਆਂ ਵਿਚੋਂ ਨਜਰ ਅੰਦਾਜ਼ ਕੀਤਾ ਜਾ ਰਿਹਾ ਹੈ ਤੇ ਕੁਝ ਦਫਤਰਾਂ ਦੇ ਅਫਸਰ ਪੱਤਰਕਾਰਾਂ ਨੂੰ ਟਿੱਚ ਕਰਕੇ ਜਾਣਦੇ ਹਨ ਭਾਵੇਂ ਪੱਤਰਕਾਰਾਂ ਵਲੋਂ ਇਨ੍ਹਾਂ ਨੂੰ ਖਬਰਾਂ ਪਾਕੇ ਸੁਰਖੀਆਂ ਵਿੱਚ ਲਿਆਉਂਦੇ ਹਨ। ਇਸ ਮੌਕੇ ਤੇ ਸੀਨੀਅਰ ਪੱਤਰਕਾਰ ਬਾਬਾ ਸੁਰਜੀਤ ਸਿੰਘ, ਸੁਖਦੇਵ ਲੋਹਾਰੀਆ, ਟੋਨੀ ਸ਼ਰਮਾ, ਸੁੱਖਵਿੰਦਰ ਜੰਡੀਰ, ਰਾਜ ਕਮਾਰ ਰਾਜੂ, ਗੁਰਪ੍ਰੀਤ ਸਿੰਘ ਭੋਗਲ, ਸੰਤੋਸ਼ ਕੁਮਾਰ, ਬਲਕਾਰ ਸਿੰਘ, ਸੋਹਣ ਲਾਲ ਸਿੱਧੂ, ਮਨਜਿੰਦਰ ਸਿੰਘ, ਕਮਲਜੀਤ ਸਿੰਘ ਡੱਲੀ, ਨਿਸ਼ਾਨ ਬਹਿਰਾਮੀਆਂ, ਮਨਜੀਤ ਬਿਨਪਾਲਕੇ, ਕੁਲਵੀਰ ਕਾਹਲੋਂ, ਅਨਿਲ ਕੁਮਾਰ ਗੌਰਵ, ਗੁਰਪ੍ਰੀਤ ਸਿੰਘ ਰਸੀਆ, ਹੈਪੀ ਜੁਲਕਾ, ਹਰਨਾਮ ਚੋਪੜਾ, ਸਮੂਹ ਪੱਤਰਕਾਰਾਂ ਨੇ ਕਿਹਾ ਕਿ ਭੋਗਪੁਰ ਦੇ ਕਿਸੇ ਵੀ ਪੱਤਰਕਾਰ ਨਾਲ ਕੋਈ ਸਿਆਸਤ ਨਾਲ ਸਬੰਧਿਤ ਵਿਆਕਤੀ ਜਾਂ ਕਿਸੇ ਵੀ ਮਹਿਕਮੇ ਦਾ ਮੁਲਾਜਮ ਵਧੀਕੀ ਕਰੇਗਾ ਤਾਂ ਉਸ ਦਾ ਸਮੂਹ ਪੱਤਰਕਾਰ ਭਾਈਚਾਰੇ ਵਲੋਂ ਖਬਰਾਂ ਲਾਉਣ ਤੋਂ ਬਾਈਕਾਟ ਕੀਤਾ ਜਾਵੇਗਾ।

## ਹੜ ਪ੍ਰਭਾਵਿਤ ਇਲਾਕਿਆਂ ਵਿੱਚ ਸਿਹਤ ਵਿਭਾਗ ਲਗਾਤਾਰ ਲਗਾਅ ਰਿਹਾ ਮੈਡੀਕਲ ਰਾਹਤ ਕੈਂਪ



• ਦੋਰਾਂਗਲਾ,ਰਾਕੇਸ਼ ਜੀਵਨ ਚੱਕ

ਜ਼ਿਲਾ ਪ੍ਰਸ਼ਾਸ਼ਨ ਗੁਰਦਾਸਪੁਰ ਅਤੇ ਸਿਵਲ ਸਰਜਨ ਗੁਰਦਾਸਪੁਰ ਜੀ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸਿਹਤ ਵਿਭਾਗ ਗੁਰਦਾਸਪੁਰ ਹੜ ਤੋਂ ਪ੍ਰਭਾਵਿਤ ਇਲਾਕਿਆਂ ਦੇ ਲੋਕਾਂ ਦੀ ਸਿਹਤ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਦਿਨ ਰਾਤ ਯਤਨਸ਼ੀਲ ਕਰ ਰਿਹਾ ਹੈ। ਬਿਆਸ ਦਰਿਆ ਦੇ ਲਾਗਲੇ ਪਿੰਡਾਂ ਦੇ ਲੋਕ ਹੜਾਂ ਤੋਂ ਪ੍ਰਭਾਵਿਤ ਹੋਏ ਹਨ ਜਿਨਾਂ ਨਾਲ ਜ਼ਿਲਾ ਪ੍ਰਸ਼ਾਸ਼ਨ ਅਤੇ ਸਿਹਤ ਵਿਭਾਗ ਲਗਾਤਾਰ ਪਹੁੰਚ ਬਣਾ ਕੇ ਹਰ ਸੰਭਵ ਸਹਾਇਤਾ ਦੇ ਰਿਹਾ ਹੈ।

24 ਘੰਟੇ ਸਹਾਇਤਾ ਲਈ ਮੈਡੀਕਲ ਟੀਮਾਂ ਦੀ ਤਾਇਨਾਤੀ ਕੀਤੀ ਗਈ ਹੈ। ਇਨਾਂ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਸਿਵਲ ਸਰਜਨ ਗੁਰਦਾਸਪੁਰ ਡਾ ਹਰਭਜਨ ਰਾਮ ਮਾਂਡੀ ਨੇ ਦੱਸਿਆ ਕਿ ਸਿਹਤ ਵਿਭਾਗ ਵੱਲੋਂ ਸਿਹਤ ਸੁਰੱਖਿਆ ਗਤੀਵਿਧੀਆਂ ਕੀਤੀਆਂ ਜਾ ਰਹੀਆਂ ਹਨ ਜਿਹੜੀਆਂ ਕਿ ਹੜ ਪ੍ਰਭਾਵਿਤ ਲੋਕਾਂ ਲਈ ਸਹਾਈ ਸਿੱਧ ਹੋਣਗੀਆਂ।

ਹੜ੍ਹ ਪ੍ਰਭਾਵਿਤ ਇਲਾਕੇ ਵਿੱਚ ਫਾਗਿੰਗ ਵੀ ਕੀਤੀ ਜਾ ਰਹੀ ਹੈ ਤਾ ਜੋ ਖੜੇ ਪਾਣੀ ਕਾਰਨ ਡੇਂਗੂ ਮਲੇਰੀਆ ਦੇ ਕੇਸ ਨਾ ਵਧਣ।

ਮੈਡੀਕਲ ਅਫ਼ਸਰ ਸੀ ਐਚ ਸੀ ਪੁਰਾਣਾ ਸ਼ਾਲਾ ਡਾ. ਅਨੂ ਨੇ ਦੱਸਿਆ ਕਿ ਸਿਹਤ ਵਿਭਾਗ ਹੜ ਪ੍ਰਭਾਵਿਤ ਇਲਾਕਿਆਂ ਵਿੱਚ ਲਗਾਤਾਰ ਮੈਡੀਕਲ ਰਾਹਤ ਕੈਂਪ ਆਯੋਜਿਤ ਕਰਵਾ ਰਿਹਾ ਹੈ ਤਾਂ ਕਿ ਲੋਕਾਂ ਦੀ ਸਿਹਤ ਦਾ ਖਾਸ ਧਿਆਨ ਰੱਖਿਆ ਜਾ ਸਕੇ। ਮੈਡੀਕਲ ਰਾਹਤ ਕੈਂਪਾਂ ਵਿੱਚ ਲੋੜੀਂਦੀਆਂ ਦਵਾਈਆਂ ਵੀ ਮੁਫ਼ਤ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਸਿਹਤ ਵਿਭਾਗ ਹੜ ਪ੍ਰਭਾਵਿਤ ਲੋਕਾਂ ਨੂੰ ਹਾਲਾਤ ਸਥਿਰ ਹੋਣ ਤੱਕ ਸਿਹਤ ਸੇਵਾਵਾਂ ਇਸੇ ਤਰ੍ਹਾ ਹੀ ਪੂਰੀ ਤਨਦੇਹੀ ਨਾਲ ਮੁਹੱਈਆ ਕਰਵਾਉਂਦਾ ਰਹੇਗਾ।

## ਨਹੀਂ ਰਹੇ ਕਾਂਗਰਸੀ ਆਗੂ ਚੌਧਰੀ ਭਗਤ ਰਾਮ ਚੌਹਾਨ

**ਸ੍ਰੀ ਅਨੰਦਪੁਰ ਸਾਹਿਬ/ਦਵਿੰਦਰਪਾਲ ਸਿੰਘ :** ਇਲਾਕੇ ਦੇ ਨਾਮੀ ਕਾਂਗਰਸੀ ਆਗੂ ਚੌਧਰੀ ਭਗਤ ਰਾਮ ਚੌਹਾਨ (79) ਵਾਸੀ ਝਿੰਜੜੀ ਲੋਅਰ (ਨਿੱਕੂਵਾਲ) ਲੰਬੀ ਬਿਮਾਰੀ ਤੋਂ ਬਾਅਦ ਅਕਾਲ ਚਲਾਣਾ ਕਰ ਗਏ। ਦੱਸਣਯੋਗ ਹੈ ਕਿ ਉਹ ਪਿੰਡ ਝਿੰਜੜੀ ਦੇ ਸਾਬਕਾ ਸਰਪੰਚ, ਕਿਰਤ ਤੇ ਉਸਾਰੀ ਸਭਾ ਦਾ ਡਾਇਰੈਕਟਰ, ਚਾਰ ਵਾਰ ਮੈਂਬਰ ਬਲਾਕ ਸੰਮਤੀ ਅਤੇ ਹੁਣ ਨਿੱਕੂਵਾਲ ਖੇਤੀਬਾੜੀ ਸਭਾ ਦੇ ਪ੍ਰਧਾਨ ਸਨ। ਉਹਨਾ ਆਪਣਾ ਸਮੁੱਚਾ ਜੀਵਨ ਲੋਕ ਸੇਵਾ ਰਾਹੀਂ ਬਸਰ ਕੀਤਾ। ਅਤੇ ਕੁੱਝ ਸਮਾਂ ਪਹਿਲਾਂ ਦਿਮਾਗ ਦੀ ਨਾੜੀ ਫੱਟ ਜਾਣ ਕਾਰਨ ਇਲਾਜ ਅਧੀਨ ਸਨ। ਉਹ ਆਪਣੇ ਪਿੱਛੇ ਕਾਂਗਰਸੀ ਆਗੂ ਚੌਧਰੀ ਕਮਲ ਦੇਵ ਚੌਹਾਨ, ਪਵਨ ਚੌਹਾਨ ਅਤੇ ਸੁਰਿੰਦਰ ਚੌਹਾਨ ਤੋਂ ਇਲਾਵਾ ਦੋ ਸਪੁੱਤਰੀਆਂ ਕਮਲਾ ਦੇਵੀ ਅਤੇ ਰਾਧਾ ਰਾਣੀ ਦਾ ਹੱਸਦਾ ਵੱਸਦਾ ਪਰਿਵਾਰ ਛੱਡ ਗਏ ਹਨ। ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਉਹ ਮਰਹੂਮ ਸਾਬਕਾ ਮੰਤਰੀ ਡਾ. ਰਮੇਸ਼ ਦੱਤ ਸ਼ਰਮਾ ਦੇ ਅਤਿ ਵਿਸ਼ਵਾਸ਼ ਯੋਗ ਨੇੜਲੇ ਸਾਥੀਆਂ ਵਿੱਚੋਂ ਇੱਕ ਸਨ।

# ਬੀਡੀਪੀਓ ਨੂੰ ਮਹਿੰਗੀ ਪਈ ਵਿਧਾਇਕ ਦੀ ਅਣਦੇਖੀ, ਭਵਿੱਖ ਵਿੱਚ ਪਬਲਿਕ ਡੀਲਿੰਗ ਵਾਲੀ ਜਗਹਾ 'ਤੇ ਨਹੀਂ ਹੋਣਗੇ ਤਾਇਨਾਤ

## ਵਿਧਾਇਕਾ ਅਰੁਨਾ ਚੌਧਰੀ ਦੀ ਸ਼ਿਕਾਇਤ 'ਤੇ ਅੜੀਅਲ ਅਧਿਕਾਰੀ ਤੇ ਗਿਰੀ ਗਾਜ





• ਦੀਨਾਨਗਰ/ਡਾ.ਰਮੇਸ਼ ਸਰੰਗਲ

ਹਲਕਾ ਦੀਨਾਨਗਰ ਦੇ ਬਲਾਕ ਦੋਰਾਂਗਲਾ 'ਚ ਤਾਇਨਾਤ ਰਹੇ ਸੀਨੀਅਰ ਸਹਾਇਕ (ਲੇਖਾ) ਵਾਧੂ ਚਾਰਜ਼ ਬੀਡੀਪੀਓ ਹੀਰਾ ਸਿੰਘ ਨੂੰ ਕਾਂਗਰਸੀ ਵਿਧਾਇਕਾ ਦੀ ਅਣਦੇਖੀ ਕਾਫ਼ੀ ਮਹਿੰਗੀ ਪਈ ਹੈ ਅਤੇ ਉਸਨੂੰ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਵੱਲੋਂ ਇੱਥੋਂ ਬਦਲ ਕੇ ਮੁੱਖ ਦਫ਼ਤਰ ਮੁਹਾਲੀ ਦੇ ਪੈਨਸ਼ਨ ਸ਼ਾਖਾ ਵਿੱਚ ਲਗਾ ਦਿੱਤਾ ਗਿਆ ਹੈ। ਨਾਲ ਹੀ ਉਸਦੇ ਖ਼ਿਲਾਫ਼ ਇੱਕ ਹੋਰ ਸਖ਼ਤ ਕਾਰਵਾਈ ਪਾਉਂਦਿਆਂ ਉਸਨੂੰ ਭਵਿੱਖ ਵਿੱਚ ਕਿਸੇ ਵੀ ਪਬਲਿਕ ਡੀਲਿੰਗ ਵਾਲੀ ਜਗਹਾ 'ਤੇ ਤਾਇਨਾਤ ਕਰਨ 'ਤੇ ਵੀ ਰੋਕ ਲਗਾ ਦਿੱਤੀ ਗਈ ਹੈ। ਅਸਲ ਵਿੱਚ ਇਹ ਸਾਰੀ ਕਾਰਵਾਈ ਹਲਕਾ ਵਿਧਾਇਕਾ ਤੇ ਸਾਬਕਾ ਕੈਬਨਿਟ ਮੰਤਰੀ ਅਰੁਨਾ ਚੌਧਰੀ ਦੀ ਸ਼ਿਕਾਇਤ 'ਤੇ ਹੋਈ ਹੈ। ਜਿਨ੍ਹਾਂ ਨੇ ਬੀਡੀਪੀਓ ਦੇ ਅੜ?ਅਿਲ ਰਵੱਈਏ ਖ਼ਿਲਾਫ਼ ਪਿਛਲੇ ਕੁਝ ਸਮੇਂ ਤੋਂ ਮੋਰਚਾ ਖੋਲ੍ਹਿਆ ਹੋਇਆ ਸੀ। ਪ੍ਰਾਪਤ ਵੇਰਵੇ ਅਨੁਸਾਰ ਵਿਧਾਇਕਾ ਵੱਲੋਂ ਬਲਾਕ ਸੰਮਤੀ ਦੋਰਾਂਗਲਾ ਦੇ ਚੇਅਰਮੈਨ ਨੂੰ ਹਲਕੇ ਦੇ ਕੁਝ ਮਸਲੇ ਵਿਚਾਰਨ ਲਈ ਸੰਮਤੀ ਦਫ਼ਤਰ ਵਿਖੇ ਇੱਕ ਜ਼ਰੂਰੀ ਮੀਟਿੰਗ ਬੁਲਾਉਣ ਲਈ ਆਖਿਆ ਸੀ ਪਰ ਬੀਡੀਪੀਓ ਵੱਲੋਂ ਆਪਣੇ ਸਿਆਸੀ ਆਕਾਵਾਂ ਨੂੰ ਖੁਸ਼ ਕਰਨ ਲਈ ਸੰਮਤੀ ਦੀ ਇਸ ਮੀਟਿੰਗ ਨੂੰ ਅਸਫ਼ਲ ਕਰਨ ਵਾਸਤੇ ਹਰ ਹੱਥਕੰਡਾ ਵਰਤਦਿਆਂ ਮੀਟਿੰਗ ਤੋਂ ਪਹਿਲਾਂ ਹੀ ਦਫ਼ਤਰ ਵਿੱਚ ਸੰਮਤੀ ਦੀ ਪ੍ਰੋਸੀਡਿੰਗ ਰਜਿਸਟਰ ਨੂੰ ਆਪਣੇ ਕਬਜ਼ੇ ਵਿੱਚ ਲੈ ਕੇ ਤਾਲਾ ਬੰਦ ਕਰ ਦਿੱਤਾ ਗਿਆ ਅਤੇ ਦਫ਼ਤਰ ਦੇ ਦੂਜੇ ਕਰਮਚਾਰੀਆਂ ਨੂੰ ਵੀ ਮੀਟਿੰਗ ਵਿੱਚ ਆਉਣ ਤੋਂ ਰੋਕ ਦਿੱਤਾ ਗਿਆ। ਜਦਕਿ ਮੀਟਿੰਗ ਵਿੱਚ ਵਿਧਾਇਕਾ ਅਰੁਨਾ ਚੌਧਰੀ, ਸੰਮਤੀ ਚੇਅਰਮੈਨ ਅਤੇ ਮੈਂਬਰ ਸਾਹਿਬਾਨ ਹਾਜ਼ਰ ਹੋ ਕੇ ਉਨ੍ਹਾਂ ਦਾ ਲੰਮਾ ਸਮਾਂ ਇੰਤਜ਼ਾਰ ਕਰਦੇ ਰਹੇ। ਇਸ ਦੌਰਾਨ ਬੀਡੀਪੀਓ ਹੀਰਾ ਸਿੰਘ ਨੂੰ ਫ਼ੋਨ 'ਤੇ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ ਗਈ ਪਰ ਉਨ੍ਹਾਂ ਦੇ ਫ਼ੋਨ ਬੰਦ ਪਾਏ ਗਏ। ਜਿਸ ਕਾਰਨ ਸੰਮਤੀ ਨੁਮਾਇੰਦਿਆਂ ਤੇ ਵਿਧਾਇਕਾ ਦੇ ਮਾਣ ਸਤਿਕਾਰ ਤੇ ਵਿਸ਼ੇਸ਼ ਅਧਿਕਾਰ ਦੀ ਉਲੰਘਣਾ ਹੋਈ। ਆਪਣੀ ਸ਼ਿਕਾਇਤ ਵਿੱਚ ਵਿਧਾਇਕਾ ਅਰੁਨਾ ਚੌਧਰੀ ਨੇ ਵੀ ਸਪੱਸ਼ਟ ਕੀਤਾ ਹੈ ਕਿ ਮੀਟਿੰਗ ਦੌਰਾਨ ਜਦੋਂ ਅਧਿਕਾਰੀ ਨਾ ਪਹੁੰਚੇ ਤਾਂ ਸਾਰੀ ਕਾਰਵਾਈ ਇੱਕ ਨਵੇਂ ਰਜਿਸਟਰ 'ਤੇ ਦਰਜ ਕਰਨੀ ਪਈ ਅਤੇ ਬਾਅਦ ਵਿੱਚ ਇਸਨੂੰ ਸੁਪਰੰਡਟ ਦੁਆਰਾ ਅਸਲ ਰਜਿਸਟਰ 'ਤੇ ਦਰਜ ਕਰਵਾਇਆ ਗਿਆ। ਪ੍ਰੰਤੂ ਇਸਦੇ ਬਾਵਜੂਦ ਬੀਡੀਪੀਓ, ਉਸਦੇ ਸਟਾਫ਼ ਅਤੇ ਪੰਚਾਇਤ ਸਕੱਤਰ ਵੱਲੋਂ ਕੋਈ ਸੰਪਰਕ ਨਹੀਂ ਕੀਤਾ ਗਿਆ ਅਤੇ ਨਾ ਹੀ ਰਜਿਸਟਰ ਦੀ ਕਾਰਵਾਈ 'ਤੇ ਫਾਲੋ ਅੱਪ ਐਕਸ਼ਨ ਲਿਆ ਗਿਆ ਜੋ ਕਿ ਅਜੇ ਤੱਕ ਲੰਬਿਤ ਹੈ। ਵਿਧਾਇਕਾ ਨੇ ਕਿਹਾ ਕਿ ਇਸ ਤਰ੍ਹਾਂ ਕਰਨ ਨਾਲ ਮੇਰਾ ਇੱਕ ਜਨਤਕ ਪ੍ਰਤੀਨਿਧੀ ਹੋਣ ਦੇ ਨਾਤੇ ਮੇਰੇ ਹਲਕੇ ਦੇ ਲੋਕਾਂ ਦੀ ਭਾਵਨਾ ਨਾਲ ਧ੍ਰੋਹ ਕੀਤਾ ਹੈ ਅਤੇ ਬੀਡੀਪੀਓ ਨੇ ਆਪਣੀ ਜ਼ਿੰਮੇਵਾਰੀ ਤੋਂ ਕੁਤਾਹੀ ਕੀਤੀ ਹੈ ਅਤੇ ਮੇਰੇ ਵਿਸ਼ੇਸ਼ ਅਧਿਕਾਰਾਂ ਦਾ ਹਨਣ ਕੀਤਾ ਹੈ। ਵਿਧਾਇਕਾ ਨੇ ਇਸ ਮਸਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਡਿਪਟੀ ਕਮਿਸ਼ਨਰ ਗੁਰਦਾਸਪੁਰ ਤੇ ਡੀਡੀਪੀਓ ਨੂੰ ਸ਼ਿਕਾਇਤ ਕਰਨ ਤੋਂ ਬਾਅਦ ਇਹ ਮਸਲਾ ਵਿਧਾਨ ਸਭਾ ਦੀ ਵਿਸ਼ੇਸ਼ ਅਧਿਕਾਰ ਕਮੇਟੀ ਤੱਕ ਪਹੁੰਚਾਇਆ ਅਤੇ ਅਖ਼ੀਰ ਇਸ ਕਮੇਟੀ ਦੀ ਰਿਪੋਰਟ ਦੇ ਆਧਾਰ 'ਤੇ ਵਿਭਾਗ ਵੱਲੋਂ ਬੀਡੀਪੀਓ ਖ਼ਿਲਾਫ਼ ਸਖ਼ਤ ਕਾਰਵਾਈ ਨੂੰ ਅਮਲ 'ਚ ਲਿਆਉਂਦਿਆਂ ਉਸਨੂੰ ਦੀਨਾਨਗਰ ਤੋਂ ਤਬਦੀਲ ਕਰਕੇ ਮੁੱਖ ਦਫ਼ਤਰ ਮੁਹਾਲੀ ਦੇ ਪੈਨਸ਼ਨ ਸ਼ਾਖਾ ਵਿੱਚ ਲਗਾ ਦਿੱਤਾ ਗਿਆ।

# ਪੁੱਤਰ ਦੇ ਜਨਮ ਦਿਨ ਦੀ ਖੁਸ਼ੀ ਵਿੱਚ ਸਕੂਲ ਨੂੰ ਖੋ-ਖੋ ਲਈ ਪੋਲ ਦਿੱਤੇ



• ਨਵਾਂਸ਼ਹਿਰ /ਬਲਾਚੌਰ/ਜਤਿੰਦਰ ਪਾਲ ਸਿੰਘ ਕਲੇਰ

ਲੰਗੜੋਆ ਦੇ ਸਾਇੰਸ ਮਾਸਟਰ ਸੁਖਵਿੰਦਰ ਲਾਲ ਵਾਸੀ ਖਾੜਕੂਵਾਲ ਵਲੋਂ ਆਪਣੇ ਪੁੱਤਰ ਨਿਖਿਲ ਦੇ ਜਨਮ ਦਿਨ ਦੀ ਖੁਸ਼ੀ ਵਿੱਚ ਸਕੂਲ ਦੀ ਖੋ ਖੋ ਦੀ ਟੀਮ ਨੂੰ ਪੋਲ ਦਿੱਤੇ ਗਏ। ਉਹਨਾਂ ਇਸ ਮੌਕੇ ਬੱਚਿਆਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਦੀ ਤੇ ਨਰੋਈ ਸਿਹਤ ਲਈ ਖੇਡਾਂ ਵਿਚ ਦਿਲਚਸਪੀ ਰੱਖਣ ਲਈ ਜਾਗਰੂਕ ਕੀਤਾ।ਇਸ ਮੌਕੇ ਤੇ ਸਕੂਲ ਪ੍ਰਿੰਸੀਪਲ ਗੁਨੀਤ ਵਲੋਂ ਸੁਖਵਿੰਦਰ ਲਾਲ ਦਾ ਧੰਨਵਾਦ ਕਰਦਿਆਂ ਬੱਚੇ ਨੂੰ ਉਸਦੇ ਜਨਮ ਦਿਨ ਦੀਆਂ ਵਧਾਈਆਂ ਦਿੱਤੀਆਂ ਤੇ ਸੰਸਥਾ ਦੇ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ ਨਾਲ ਸਮਾਜਿਕ ਕੁਰੀਤੀਆਂ ਤੋਂ ਦੂਰ ਰਹਿਣ ਤੇ ਨਰੋਈ ਸਿਹਤ ਲਈ ਖੇਡਾਂ ਵਿਚ ਦਿਲਚਸਪੀ ਰੱਖਣ ਦੀ ਅਪੀਲ ਕੀਤੀ।ਇਸ ਮੌਕੇ ਤੇ ਮੀਨਾ ਰਾਣੀ, ਜਸਵਿੰਦਰ ਕੌਰ, ਸੁਖਵਿੰਦਰ ਲਾਲ, ਹਰਿੰਦਰ ਸਿੰਘ, ਬਲਦੀਪ ਸਿੰਘ, ਸਪਨਾ, ਗੁਰਪ੍ਰੀਤ ਸਿੰਘ ਤੋਂ ਇਲਾਵਾ ਖੋ ਖੋ ਦੀ ਟੀਮ ਦੇ ਖਿਡਾਰੀ ਹਾਜ਼ਰ ਸਨ।

# 22 ਅਗਸਤ ਨੂੰ ਕੱਢੇ ਜਾਣਗੇ ਵਪਾਰਕ ਮਾਈਨਿੰਗ ਸਾਈਟਾਂ ਦੇ ਲੋਟਸ ਦੇ ਡਰਾਅ

• ਸਹੀਦ ਭਗਤ ਸਿੰਘ ਨਗਰ

ਪੰਜਾਬ ਸਰਕਾਰ ਵੱਲੋਂ ਵਪਾਰਕ ਮਾਈਨਿੰਗ ਸਾਈਟਾਂ ਦੀ ਟੈਂਡਰਿੰਗ ਪ੍ਰਕਿਰਿਆ ਸਬੰਧੀ ਕਲਸਟਰ 37 ਦੇ ਟੈਂਡਰ ਵਿੱਚ ਟਾਈ ਹੋਣ 'ਤੇ ਡਰਾਅ ਰਾਹੀਂ ਚੋਣ ਕੀਤੀ ਜਾਵੇਗੀ। ਇਸ ਸਬੰਧੀ ਲੋਟਸ ਦੇ ਡਰਾਅ 22 ਅਗਸਤ 2023 ਨੂੰ ਸਵੇਰੇ 11:00 ਵਜੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਨਵਾਂਸ਼ਹਿਰ ਵਿਖੇ ਲੋਟਸ ਇਵੈਲਯੂਏਸ਼ਨ ਕਮੇਟੀ ਵੱਲੋਂ ਕੱਢੇ ਜਾਣਗੇ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸ਼ਰੀ ਭਾਵੁਕ ਸ਼ਰਮਾ ਕਾਰਜਕਾਰੀ ਇੰਜੀਨੀਅਰ ਜਲ ਨਿਕਾਸ-ਕਮ- ਮਾਈਨਿੰਗ ਅਤੇ ਜਿਓਲੋਜੀ ਮੰਡਲ ਜਲ ਸਰੋਤ ਵਿਭਾਗ ਨੇ ਦੱਸਿਆ ਕਿ ਜਿੰਨ੍ਹਾਂ ਨੇ ਟੈਂਡਰਿੰਗ ਪ੍ਰਕਿਰਿਆ ਵਿੱਚ ਭਾਗ ਲਿਆ ਸੀ, ਉਹ ਡਰਾਅ ਵਾਲੇ ਦਿਨ ਨਿਰਧਾਰਤ ਸਮੇਂ 'ਤੇ ਉੱਕਤ ਸਥਾਨ 'ਤੇ ਪਹੁੰਚਣ ਦੀ ਕ੍ਰਿਪਾਲਤਾ ਕੀਤੀ ਜਾਵੇ।

# ਬੀ ਐਸ ਐਫ ਦੇ ਜਵਾਨਾਂ ਵਲੋਂ ਸਰਹੱਦੀ ਪਿੰਡ ਚੌਤਰਾ 'ਚ ਮੈਡੀਕਲ ਕੈਂਪ ਲਗਾਇਆ





• ਦੋਰਾਂਗਲਾ, ਰਾਕੇਸ਼ ਜੀਵਨ ਚੱਕ

ਅੱਜ ਸਰਹੱਦੀ ਪਿੰਡ ਚੌਤਰਾ ਵਿੱਖੇ ਬੀ ਐਸ ਐਫ ਬਟਾਲੀਅਨ 58 ਵਲੋਂ ਪਹਿਲਾ ਮੈਡੀਕਲ ਕੈਂਪ ਲਗਾਇਆ ਗਿਆ । ਇਸ ਮੈਡੀਕਲ ਕੈਂਪ ਵਿੱਚ ਕਮਾਡਰ ਕਮਲ ਯਾਦਵ ਵਿਸੇਸ਼ ਤੌਰ ਤੇ ਪਹੁੰਚੇ । ਇਸ ਸਮੇਂ ਬੀ ਐਸ ਐਫ ਦੇ ਮੈਡੀਕਲ ਅਫਸਰਾਂ ਵਲੋਂ ਕੈਂਪ ਵਿੱਚ ਪਹੁੰਚੇ ਲੋਕਾਂ ਦਾ ਫਰੀ ਇਲਾਜ ਅਤੇ ਫ?ਰੀ ਦਵਾਈਆਂ ਦਿੱਤੀਆਂ ਗਈਆਂ । ਇਸ ਸਮੇਂ ਮੁੱਖ ਮਹਿਮਾਨ ਦੇ ਤੌਰ ਤੇ ਪਹੁੰਚੇ ਕਮਾਡਰ ਕਮਲ ਯਾਦਵ ਵਲੋਂ ਦੱਸਿਆ ਕਿ ਬੀ ਐਸ ਐਫ ਦੇ ਜਵਾਨ ਵਲੋਂ ਸਮੇਂ ਸਮੇਂ ਤੇ ਸਰਹੱਦੀ ਇਲਾਕੇ ਵਿੱਚ ਅਜਿਹੇ ਮੈਡੀਕਲ ਕੈਂਪ ਲਗਾਏ ਜਾਂਦੇ ਹਨ ਤਾਂ ਜੋ ਸਰਹੱਦੀ ਪਿੰਡਾਂ ਦੇ ਲੋਕਾਂ ਨੂੰ ਸਿਹਤ ਸਹੂਲਤਾਂ ਪਹਿਲ ਦੇ ਆਧਾਰ ਤੇ ਮਿਲ ਸਕਣ । ਇਸ ਮੌਕੇ ਤੇ ਟਰ ਆਈ ਸੀ ਰਣਬੀਰ ਰੰਜਨ ,ਏ ਸੀ ਤੇਜਪ੍ਰਤਾਪ ,ਇੰਸਪੈਕਰ ਦਿਨੇਸ਼ ਕੁਮਾਰ,ਸਬ ਇੰਸਪੈਕਟਰ ਸਵਰਣ ਸਿੰਘ ਰਾਣਾ ਆਦਿ ਬੀ ਐਸ ਐਫ ਦੇ ਜਵਾਨ ਹਾਜ਼ਰ ਸਨ ।

# ਸ੍ਰੀ ਅਨੰਦਪੁਰ ਸਾਹਿਬ ਦੇ ਇੱਕ ਨੌਜੁਆਨ ਨਾਲ ਹੋਈ 1 ਲੱਖ 83 ਹਜਾਰ ਦੀ ਆਨ-ਲਾਈਨ ਠੱਗੀ



• ਸ੍ਰੀ ਅਨੰਦਪੁਰ ਸਾਹਿਬ/ਦਵਿੰਦਰਪਾਲ ਸਿੰਘ

ਇੱਥੋਂ ਦੇ ਮੁਹੱਲਾ ਭੋਰਾ ਸਾਹਿਬ ਦੇ ਰਹਿਣ ਵਾਲੇ ਨੌਜੁਆਨ ਨਾਲ ਕੁੱਝ ਹੀ ਸਕਿੰਟਾਂ ਵਿੱਚ 1 ਲੱਖ 83 ਹਜਾਰ 898 ਰੁਪਏ ਦੀ ਆਨ-ਲਾਈਨ ਠੱਗੀ ਹੋ ਜਾਣ ਦੀ ਸੂਚਨਾਂ ਮਿਲੀ ਹੈ।ਜੱਸਲ ਮੋਬਾਇਲ ਰਿਪੇਅਰ ਦੇ ਮਾਲਿਕ ਅਮਨਦੀਪ ਸਿੰਘ ਪੁੱਤਰ ਰਵਿੰਦਰ ਸਿੰਘ ਨੇ ਦੱਸਿਆ ਕਿ ਉਹ ਦੇਰ ਸ਼ਾਮੀ ਆਪਣੀ ਦੁਕਾਨ ਵਿੱਚ ਬੇਠੈ ਸਨ, ਕਿ ਉਹਨਾ ਨੂੰ ਮੋਬਾਇਲ ਤੇ ਇੱਕ ਲਿੰਕ ਆਇਆ।ਜਿਸ ਵਿੱਚ ਉਹਨਾਂ ਦੇ ਐਚ.ਡੀ.ਐਫ.ਸੀ.ਬੈਂਕ ਵਿੱਚ ਚੱਲ ਰਹੀ ਨੈੱਟ ਬੈਕਿੰਗ ਦਾ ਜਿਕਰ ਕੀਤਾ ਹੋਇਆ ਸੀ। ਜਦੋ ਉਹਨਾ ਉਹ ਲਿੰਕ ਖੋਲਿਆ ਤਾਂ ਉਹਨਾ ਦਾ ਨਾਲ ਹੀ ਨੈੱਟ ਬੈਕਿੰਗ ਐਪ ਖੁੱਲ ਗਿਆ।ਜਿਸ ਨੂੰ ਉਹਨਾ ਸਕਿੰਟਾਂ ਵਿੱਚ ਹੀ ਬੰਦ ਕਰ ਦਿੱਤਾ। ਉਹਨਾ ਦੱਸਿਆ ਕਿ ਜਦੋਂ ਉਹਨਾ ਐਪ ਬੰਦ ਕਰਕੇ ਮੋਬਾਇਲ ਸਾਹਮਣੇ ਮੇਜ਼ ਤੇ ਰੱਖਿਆ ਤਾਂ ਅਚਾਨਕ ਉਹਨਾ ਦੇ ਮੋਬਾਇਲ ਤੇ ਦੋ ਸੰਦੇਸ਼ ਆਏ।ਜਿਸ ਵਿੱਚ ਪਹਿਲਾਂ 96,999 ਅਤੇ ਦੂਜੇ 86,899 ਰੁਪਏ ਦੀ ਆਨ-ਲਾਈਨ ਪੇਅ-ਯੂ-ਕਰੋਮਾ ਦਾ ਭੁਗਤਾਨ ਕੀਤਾ ਹੋਇਆ ਸੀ। ਉਹਨਾਂ ਦੱਸਿਆ ਕਿ ਇਸ ਠੱਗੀ ਦੀ ਸੂਚਨਾਂ ਪਹਿਲਾਂ ਉਹਨਾ ਬੈਂਕ ਨੂੰ ਦਿੱਤੀ ਅਤੇ ਆਪਣੀ ਨੈੱਟ ਬੈਕਿੰਗ ਬੰਦ ਕਰਵਾਈ ਅਤੇ ਫਿਰ ਪੰਜਾਬ ਪੁਲਿਸ ਦੇ ਸਾਇਬਰ ਸੈ?ਲ ਨੂੰ ਵੀ ਇਸ ਦੀ ਸੂਚਨਾ ਦਿੱਤੀ ਗਈ।

# ਕਿਰਾਏਦਾਰਾਂ, ਨੌਕਰਾਂ ਅਤੇ ਪੇਇੰਗ ਗੈਸਟ ਦਾ ਪੂਰਾ ਵੇਰਵਾ ਜ਼ਿਲ੍ਹਾ ਤੇ ਪੁਲਿਸ ਪ੍ਰਸ਼ਾਸਨ ਨੂੰ ਦੇਣਾ ਲਾਜ਼ਮੀ



• ਸਹੀਦ ਭਗਤ ਸਿੰਘ ਨਗਰ

ਜ਼ਿਲ੍ਹਾ ਮੈਜਿਸਟਰੇਟ ਨਵਜੋਤ ਪਾਲ ਸਿੰਘ ਰੰਧਾਵਾ ਨੇ ਫੌਜਦਾਰੀ ਜ਼ਾਬਤਾ ਸੰਘਤਾ 1973 (1974 ਦਾ ਐਕਟ ਨੰ:2) ਦੀ ਧਾਰਾ 144 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੁਕਮ ਜਾਰੀ ਕੀਤਾ ਹੈ ਕਿ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਹਦੂਦ ਅੰਦਰ ਸਥਿਤ ਮਿਊਂਸਪਲ ਕੌਂਸਲਾਂ, ਨਗਰ ਪੰਚਾਇਤਾਂ ਅਤੇ ਪਿੰਡਾਂ ਦੀਆਂ ਪੰਚਾਇਤਾਂ ਦੇ ਅਧਿਕਾਰ ਖੇਤਰ ਵਿੱਚ ਰਹਿਣ ਵਾਲਾ ਕੋਈ ਵੀ ਵਿਅਕਤੀ ਆਪਣੇ ਘਰ ਵਿੱਚ ਜਦੋਂ ਕਿਰਾਏਦਾਰ/ਨੌਕਰ/ਪੇਇੰਗ ਗੈਸਟ ਰੱਖੇਗਾ ਤਾਂ ਉਹ ਉਸ ਦਾ ਪੂਰਾ ਵੇਰਵਾ ਇੱਕ ਹਫ਼ਤੇ ਦੇ ਵਿੱਚਵਿੱਚ ਜ਼ਿਲ੍ਹਾ ਅਤੇ ਪੁਲਿਸ ਪ੍ਰਸ਼ਾਸਨ ਦੀਆਂ ਈ ਮੇਲ ਆਈ ਡੀਜ਼ dc_nawanshahr@rediffmail.com ਅਤੇ dpo.nsr.police@punjab.gov.in 'ਤੇ ਭੇਜਣਾ ਯਕੀਨੀ ਬਣਾਏਗਾ। ਇਸ ਈ ਮੇਲ ਦੇ ਨਾਲ ਸਬੰਧਤ ਦਾ ਨਾਮ, ਪਿਤਾ ਦਾ ਨਾਮ, ਫੋਟੋ ਅਤੇ ਆਧਾਰ ਕਾਡਰ ਭੇਜਣਾ ਲਾਜ਼ਮੀ ਹੈ। ਇਹ ਹੁਕਮ ਉਨ੍ਹਾਂ 'ਤੇ ਵੀ ਲਾਗੂ ਹੋਵੇਗਾ ਜਿਨ੍ਹਾਂ ਨੇ ਪਹਿਲਾਂ ਤੋਂ ਹੀ ਰੱਖੇ ਹੋਏ ਕਿਰਾਏਦਾਰਾਂ, ਨੌਕਰਾਂ ਅਤੇ ਪੇਇੰਗ ਗੈਸਟ ਦਾ ਵੇਰਵਾ ਹਾਲਾਂ ਤੱਕ ਪੁਲਿਸ ਨੂੰ ਨਹੀਂ ਦਿੱਤਾ ਹੈ। ਮਨਾਹੀ ਦੇ ਇਨ੍ਹਾਂ ਹੁਕਮਾਂ ਵਿੱਚ ਕਿਹਾ ਗਿਆ ਹੈ ਕਿ ਐਸ ਐਸ ਪੀ ਸ਼ਹੀਦ ਭਗਤ ਸਿੰਘ ਨਗਰ ਵੱਲੋਂ ਦਿੱਤੀ ਸੂਚਨਾ ਮੁਤਾਬਕ ਬਲਾਚੌਰ ਅੰਦਰ ਇੰਡਸਟਰੀ ਹੋਣ ਕਰਕੇ ਇੱਥੇ ਅਤੇ ਜ਼ਿਲ੍ਹੇ ਵਿੱਚ ਦੂਜੇ ਰਾਜਾਂ ਅਤੇ ਬਾਹਰਲੇ ਜ਼ਿਲ੍ਹਿਆਂ ਤੋਂ ਬਹੁਤ ਸਾਰੇ ਲੋਕ ਨੌਕਰੀ/ਕੰਮ ਕਾਰ ਵਗੈਰਾ ਕਰਨ ਲਈ ਆਉਂਦੇ ਹਨ। ਇਸ ਤੋਂ ਇਲਾਵਾ ਹੋਰ ਵਿਦਿਅਕ ਦਾਰਿਆਂ/ਸੰਸਥਾਵਾਂ ਵਿੱਚ ਪੜ੍ਹਾਈ ਲਈ ਦੂਜੇ ਰਾਜਾਂ ਤੋਂ ਵਿਦਿਆਰਥੀ/ਸਿਖਿਆਰਥੀ, ਵੱਖਵੱਖ ਕਿੱਤਿਆਂ/ਕਾਰੋਬਾਰਾਂ ਨਾਲ ਸਬੰਧਤ ਵਿਅਕਤੀ ਬਤੌਰ ਪੇਇੰਗ ਗੈਸਟ ਅਤੇ ਕਾਲ ਸੈਂਟਰਾਂ ਵਿੱਚ ਸਰਵਿਸ ਕਰ ਰਹੇ ਕਰਮਚਾਰੀ ਵੀ ਕਿਰਾਏ 'ਤੇ ਰਹਿ ਰਹੇ ਹਨ। ਇਨ੍ਹਾਂ ਵਿੱਚੋਂ ਕਈ ਵਿਅਕਤੀ ਨਸ਼ੇ, ਅਸਮਾਜਿਕ ਅਤੇ ਅਪਰਾਧਿਕ ਪਿਛੋਕੜ ਦੇ ਹੁੰਦੇ ਹਨ।

ਅਦਾਰਾ ਲੋਕ ਬਾਣੀ ਵਿੱਚ ਛਾਪੀਆਂ ਜਾਂਦੀਆਂ ਖਬਰਾਂ, ਰਿਪੋਰਟਾਂ, ਲੇਖ, ਕਹਾਣੀਆਂ, ਕਵਿਤਾਵਾਂ ਅਤੇ ਹਰ ਕਿਸਮ ਦੇ ਇਸ਼ਤਿਹਾਰਾਂ ਵਿੱਚ ਦਿੱਤੀ ਗਈ ਸੂਚਨਾ, ਵਿਚਾਰ ਆਦਿ ਨਾਲ ਅਖ਼ਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਸ ਅਖ਼ਬਾਰ ਵਿੱਚ ਛਪੇ ਇਸ਼ਤਿਹਾਰ (ਡਿਸਪਲੇ, ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜਿੰਮੇਵਾਰੀ ਨਹੀਂ ਲੈਂਦੇ ਕਿਉਂਕਿ ਅਖ਼ਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ/ਸ਼ੁੱਭ ਚਿੰਤਕਾਂ ਨੂੰ ਬੇਨਤੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਇਨ੍ਹਾਂ ਤੱਥਾਂ ਦੀ ਪੜ੍ਹਤਾਲ, ਪੁਸ਼ਟੀ ਕਰ ਲੈਣ। ਰੋਜ਼ਾਨਾ ਲੋਕ ਬਾਣੀ 'ਚ ਪ੍ਰਕਾਸ਼ਿਤ ਸਮੱਗਰੀ ਅਤੇ ਹੋਰ ਵਾਦ-ਵਿਵਾਦ ਸਬੰਧੀ ਕੇਸਾ ਦਾ ਨਿਪਟਾਰਾ ਸਿਰਫ਼ ਜਲੰਧਰ ਕੋਰਟ ਵਿਚ ਹੀ ਹੋਵੇਗਾ, ਲੇਖਕਾਂ ਦੀ ਰਾਏ ਨਾਲ ਸੰਪਾਦਕ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ ਖਬਰਾਂ ਪ੍ਰਤੀ ਜੁਮੇਵਾਰੀ ਸਬੰਧਤ ਪੱਤਰਕਾਰ ਦੀ ਹੋਵੇਗੀ।



# ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪੂਰਨਤਾ ਦਿਵਸ ਨੂੰ ਸਮਰਪਿਤ ਗੁ:ਸੀਸਗੰਜ ਸਾਹਿਬ ਵਿਖੇ ਗੁਰਮਤਿ ਸਮਾਗਮ ਕਰਵਾਇਆ

## ਗੁਰਬਾਣੀ ਕੀਰਤਨ ਅਤੇ ਕਥਾ ਵਿਚਾਰਾਂ ਰਾਹੀਂ ਸੰਗਤਾਂ ਨੂੰ ਕੀਤਾ ਨਿਹਾਲ

• **ਸ੍ਰੀ ਅਨੰਦਪੁਰ ਸਾਹਿਬ/ਦਵਿੰਦਰਪਾਲ ਸਿੰਘ**

ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪੂਰਨਤਾ ਦਿਵਸ ਨੂੰ ਸਮਰਪਿਤ ਸ਼?ਰੀ ਅਨੰਦਪੁਰ ਸਾਹਿਬ ਫਾਊਂਡੇਸ਼ਨ ਅਤੇ ਸਤਿਗੁਰੂ ਓਟ ਆਸਰਾ ਐਸੋਸੀਏਸ਼ਨ ਸ਼?ਰੀ ਅਨੰਦਪੁਰ ਸਾਹਿਬ ਵਲੋਂ ਤਖਤ ਸ਼?ਰੀ ਕੇਸਗੜ੍ਹ ਸਾਹਿਬ ਜੀ ਦੀ ਛਤਰ ਛਾਇਆ ਹੇਠ ਇਲਾਕੇ ਦੀਆਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਸਥਾਨਕ ਗੁਰਦੁਆਰਾ ਸੀਸਗੰਜ ਸਾਹਿਬ ਸਾਹਿਬ ਵਿਖੇ ਮਹਾਨ ਗੁਰਮਤਿ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਪੰਥ ਪ੍ਰਸਿੱਧ ਕੀਰਤਨੀਏ ਭਾਈ ਹਰਜਿੰਦਰ ਸਿੰਘ ਸ੍ਰੀ ਨਗਰ ਵਾਲੇ, ਪ੍ਰਿੰਸੀਪਲ ਸੁਖਵੰਤ ਸਿੰਘ, ਭਾਈ ਨਰਿੰਦਰ ਸਿੰਘ ਹਜੂਰੀ ਰਾਗੀ ਜਥਾ ਤਖਤ ਸ੍ਰੀ ਕੇਸਗੜ੍ਹ ਸਾਹਿਬ ਵਲੋਂ ਗੁਰਬਾਣੀ ਕੀਰਤਨ ਅਤੇ ਕਥਾ ਵਿਚਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਇਸ ਮੌਕੇ ਇਸਤਰੀ ਸਤਿਸੰਗ ਸਭਾ ਵਲੋਂ ਅਟੁੱਟ ਲੰਗਰ ਵੀ ਵਰਤਾਇਆ ਗਿਆ। ਸਮਾਗਮ ਵਿਚ ਵਿਸ਼ੇਸ਼ ਤੌਰ ਤੇ ਪਹੁੰਚੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਸੁਲਤਾਨ ਸਿੰਘ ਜੀ ਅਤੇ ਭਾਈ ਅਮਰਜੀਤ ਸਿੰਘ ਚਾਵਲਾ ਮੈਂਬਰ ਸ਼?ਰੋਮਣੀ ਕਮੇਟੀ ਨੇ ਵੀ ਸੰਗਤਾਂ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ ਗਈ ਅਤੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਜੋਗਿੰਦਰ ਸਿੰਘ ਜੀ ਵਲੋਂ ਅਰਦਾਸ ਕੀਤੀ ਗਈ। ਇਸ ਮੌਕੇ ਪ੍ਰਿੰਸੀਪਲ ਚਰਨਜੀਤ ਸਿੰਘ ਸਿੱਖ ਮਿਸ਼ਨਰੀ ਕਾਲਜ, ਮੈਨੇਜਰ ਗੁਰਪ੍ਰੀਤ ਸਿੰਘ ਰੋਡੇ, ਐਡੀਸ਼ਨਲ ਮੈਨੇਜਰ ਹਰਦੇਵ ਸਿੰਘ, ਜਥੇਦਾਰ ਸੰਤੋਖ ਸਿੰਘ, ਇੰਦਰਜੀਤ ਸਿੰਘ ਅਰੋੜਾ ਪ੍ਰਧਾਨ ਵਪਾਰ ਮੰਡਲ ਸ਼?ਰੀ ਅਨੰਦਪੁਰ ਸਾਹਿਬ, ਪ੍ਰਿਤਪਾਲ ਸਿੰਘ ਗੰਡਾ, ਦਵਿੰਦਰ ਸਿੰਘ ਰਾਣਾ, ਸੰਸਥਾ ਦੇ ਆਗੂ ਮਨਿੰਦਰਪਾਲ ਸਿੰਘ ਮਨੀ, ਅਕਾਸ਼ਦੀਪ ਸਿੰਘ ਚੱਠਾ, ਦਲਬੀਰ ਸਿੰਘ ਧੂੜੀਆ, ਹਰਸ਼ਦੀਪ ਸਿੰਘ, ਮਨਿੰਦਰਪਾਲ ਸਿੰਘ ਚੱਠਾ, ਜਪਜੋਤ ਸਿੰਘ, ਰਾਜਵਿੰਦਰ ਸਿੰਘ ਰਾਜਾ, ਗੁਰਪ੍ਰੀਤ ਸਿੰਘ, ਇੰਦਰਪ੍ਰੀਤ ਸਿੰਘ, ਕਰਨਜੋਤ ਸਿੰਘ, ਮਾਤਾ ਗੁਰਚਰਨ ਕੌਰ ਪ੍ਰਧਾਨ ਇਸਤਰੀ ਸਤਿਸੰਗ ਸਭਾ, ਬੀਬੀ ਤਜਿੰਦਰ ਕੌਰ, ਬੀਬੀ ਸੁਰਿੰਦਰਪਾਲ ਕੌਰ, ਬੀਬੀ ਹਰਜੀਤ ਕੌਰ, ਬੀਬੀ ਤਰਨਜੀਤ ਕੌਰ, ਬੀਬੀ ਜਸਵੰਤ ਕੌਰ, ਬੀਬੀ ਪਰਵਿੰਦਰ ਕੌਰ ਆਦਿ ਹਾਜ਼ਰ ਸਨ।

# ਡੀਐਸਪੀ ਪੋਜੇਵਾਲ ਜਤਿੰਦਰਪਾਲ ਸਿੰਘ ਚੌਹਾਨ ਪਰੇਡ ਕਮਾਂਡਰ ਨੂੰ ਚੰਗੀ ਕਾਰਗੁਜਾਰੀ ਦੇ ਲਈ ਕੀਤਾ ਸਨਮਾਨਿਤ




• **ਬਲਾਚੌਰ/ਕਾਠਗੜ੍ਹ/ ਜਤਿੰਦਰਪਾਲ ਸਿੰਘ ਕਲੇਰ**

ਪੰਜਾਬ ਸਰਕਾਰ ਨੇ ਦੇਸ਼ ਦੇ 77ਵੇਂ ਆਜ਼ਾਦੀ ਦਿਵਸ ਸਮਾਰੋਹ ਦੌਰਾਨ ਆਪਣੀ ਡਿਊਟੀ ਪੂਰੀ ਤਨਦੇਹੀ ਅਤੇ ਪ੍ਰਤੀਬੱਧਤਾ ਨਾਲ ਨਿਭਾਉਣ ਲਈ ਡੀਐਸਪੀ ਜਤਿੰਦਰਪਾਲ ਸਿੰਘ ਚੌਹਾਨ ਪਰੇਡ ਕਮਾਂਡਰ ਨੂੰ ਵਿਸ਼ੇਸ਼ ਸਨਮਾਨ ਨਾਲ ਨਿਵਾਜਿਆ ਹੈ ਪੰਜਾਬ ਦੇ ਪ੍ਰਵਾਸੀ ਮਾਮਲਿਆਂ ਅਤੇ ਪ੍ਰਬੰਧਕੀ ਸੁਧਾਰ ਮੰਤਰੀ ਸ. ਕੁਲਦੀਪ ਸਿੰਘ ਧਾਲੀਵਾਲ ਨੇ ਦੇਸ਼ ਦੇ 77ਵੇਂ ਆਜ਼ਾਦੀ ਦਿਵਸ ਸਮਾਰੋਹ ਦੌਰਾਨ ਆਈ.ਟੀ.ਆਈ ਗਰਾਊਂਡ, ਨਵਾਂਸ਼ਹਿਰ ਵਿਖੇ ਝੰਡਾ ਲਹਿਰਾਉਣ ਦੀ ਰਸਮ ਨਿਭਾਉਣ ਉਪਰੰਤ ਉਨਾ ਨੇ ਪੁਲਿਸ ਵਿਭਾਗ ਵਿੱਚ ਆਪਣੀ ਡਿਊਟੀ ਪੂਰੀ ਇਮਾਨਦਾਰੀ ਤੇ ਲਗਨ ਨਾਲ ਨਿਭਾਉਣ ਤੇ ਪੋਜੇਵਾਲ ਦੇ ਡੀਐਸਪੀ ਜਤਿੰਦਰ ਸਿੰਘ ਚੌਹਾਨ ਪਰੇਡ ਕਮਾਂਡਰ ਨੂੰ ਚੰਗੀ ਕਾਰਗੁਜਾਰੀ ਤੇ ਸਨਮਾਨਿਤ ਕੀਤਾ ਗਿਆ।

# ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵਲੋਂ ਲਏ ਜਾਂਦੇ ਨੈਤਿਕ ਸਿਖਿਆ ਇਮਤਿਹਾਨ ਅੱਜ

## ਰੋਪੜ-ਨਵਾਂ ਸ਼ਹਿਰ ਜੋਨ ਦੇ 122 ਸਕੂਲਾਂ ਦੇ 6300 ਦੇ ਕਰੀਬ ਵਿਦਿਆਰਥੀ ਦੇਣਗੇ ਇਮਤਿਹਾਨ

• **ਸ੍ਰੀ ਅਨੰਦਪੁਰ ਸਾਹਿਬ/ ਦਵਿੰਦਰਪਾਲ ਸਿੰਘ**

ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵਲੋਂ ਹਰ ਸਾਲ ਲਏ ਜਾਂਦੇ ਨੈਤਿਕ ਸਿਖਿਆ ਇਮਤਿਹਾਨ ਦੇ ਤਹਿਤ ਇਸ ਵਾਰ ਵੀ ਰੋਪੜ-ਨਵਾਂ ਸ਼ਹਿਰ ਜੋਨ ਵਲੋਂ ਇਹ ਇਮਤਿਹਾਨ ਅੱਜ ਲਏ ਜਾ ਰਹੇ ਹਨ। ਜਿਸ ਵਿਚ ਜੋਨ ਦੇ 122 ਸਕੂਲਾਂ ਦੇ 6300 ਦੇ ਕਰੀਬ ਵਿਦਿਆਰਥੀ ਇਮਤਿਹਾਨ ਦੇ ਰਹੇ ਹਨ। ਜਿਸ ਦੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਇਸ ਸੰਬੰਧੀ ਹੋਰ ਜਾਣਕਾਰੀ ਦਿੰਦਿਆਂ ਨੈਤਿਕ ਸਿਖਿਆ ਇਮਤਿਹਾਨ ਕੁਆਰਡੀਨੇਟਰ ਹਰਚਰਨ ਸਿੰਘ ਅਤੇ ਜੋਨ ਪ੍ਰਧਾਨ ਮਨਦੀਪ ਸਿੰਘ ਨੇ ਦੱਸਿਆ ਕਿ ਇਹਨਾਂ ਇਮਤਿਹਾਨਾਂ ਵਿਚ 3 ਭਾਗ ਪਹਿਲਾ ਭਾਗ ਪਹਿਲੀ ਤੋਂ ਪੰਜਵੀਂ, ਦੂਜਾ ਭਾਗ ਛੇਵੀਂ ਤੋਂ ਅੱਠਵੀਂ, ਤੀਜਾ ਭਾਗ ਨੌਵੀਂ ਤੋਂ ਬਾਹਰਵੀਂ ਤਕ ਦੇ ਵਿਦਿਆਰਥੀ ਭਾਗ ਲੈ ਰਹੇ ਹਨ। ਉਹਨਾਂ ਦੱਸਿਆ ਕਿ ਹਰ ਸਾਲ ਦੀ ਤਰਾਂ ਇਸ ਵਾਰ ਵੀ ਇਹਨਾਂ ਇਮਤਿਹਾਨਾਂ ਪ੍ਰਤੀ ਵਿਦਿਆਰਥੀਆਂ ਵਿਚ ਭਾਰੀ ਉਤਸ਼ਾਹ ਹੈ।

# ਜ਼ੋਨਲ ਖੇਡਾਂ ਨੂੰ ਲੈ ਕੇ ਖਾਲਸਾ ਸਕੂਲ ਵਿਖੇ ਹੋਈ ਖੇਡ ਅਧਿਕਾਰੀਆਂ ਦੀ ਮੀਟਿੰਗ



• **ਸ੍ਰੀ ਅਨੰਦਪੁਰ ਸਾਹਿਬ/ਦਵਿੰਦਰਪਾਲ ਸਿੰਘ**

ਇੱਥੋਂ ਦੇ ਐਸ.ਜੀ.ਐਸ. ਖਾਲਸਾ ਸੀਨੀਅਰ ਸੈਕੰਡਰੀ ਸਕੂਲ ਵਿਖੇ 23 ਤੋਂ 26 ਅਗਸਤ ਤੱਕ ਜ਼ੋਨ ਦੇ ਸਕੂਲਾਂ ਦੀਆਂ ਕਰਵਾਈਆਂ ਜਾਣ ਵਾਲੀਆਂ ਜ਼ੋਨਲ ਖੇਡਾਂ ਸਬੰਧੀ ਸਰੀਰਕ ਸਿੱਖਿਆ ਅਧਿਆਪਕਾਂ ਦੀ ਇੱਕ ਮੀਟਿੰਗ ਜ਼ੋਨਲ ਪ੍ਰਧਾਨ ਪ੍ਰਿੰਸੀਪਲ ਸੁਖਪਾਲ ਕੌਰ ਵਾਲੀਆ ਦੀ ਪ੍ਰਧਾਨਗੀ ਹੇਠ ਹੋਈ ।ਜਿਸ ਸਬੰਧੀ ਜ਼ੋਨਲ ਸਕੱਤਰ ਹਰਕੀਰਤ ਸਿੰਘ ਮਿਨਹਾਸ ਨੇ ਦੱਸਿਆ ਕਿ ਜ਼ੋਨਲ ਖੇਡਾਂ ਵਿੱਚ ਸਕੂਲਾਂ ਦੇ 14, 17 ਅਤੇ 19 ਸਾਲ ਉਮਰ ਵਰਗ ਦੇ ਲੜਕੇ ਅਤੇ ਲੜਕੀਆਂ ਦੇ ਖੋ-ਖੋ ਫੁੱਟਬਾਲ, ਕਬੱਡੀ, ਹਾਕੀ, ਬੇਡਮਿੰਟਨ, ਬਾਲੀਵਾਲ ਆਦਿ ਸਾਰੀਆਂ ਖੇਡਾਂ ਦੇ ਮੁਕਾਬਲੇ ਹੋਣਗੇ। ਜਿਨ੍ਹਾਂ ਵਿੱਚ ਪਹਿਲੇ ਦੋ ਦਿਨ ਬੁੱਧਵਾਰ ਅਤੇ ਵੀਰਵਾਰ ਲੜਕੀਆਂ, ਜਦੋਂਕਿ ਸੁੱਕਰਵਾਰ ਅਤੇ ਸ਼ਨੀਵਾਰ ਲੜਕਿਆਂ ਦੇ ਮੁਕਾਬਲੇ ਹੋਣਗੇ ।ਇਸ ਤੋਂ ਬਾਅਦ ਖੇਡ ਮੈਦਾਨ ਅਤੇ ਹੋਰ ਪ੍ਰਬੰਧਾਂ ਨੂੰ ਲੈ ਕੇ ਅਧਿਆਪਕਾਂ ਦੀਆਂ ਡਿਊਟੀਆਂ ਵੀ ਲਗਾਈਆਂ ਗਈਆਂ।

ਇਸ ਮੌਕੇ ਤਰਲੋਚਨ ਸਿੰਘ, ਅਣਖਪਾਲ ਸਿੰਘ, ਗੁਰਿੰਦਰ ਸਿੰਘ ਕੰਧੋਲਾ, ਇਕਬਾਲ ਸਿੰਘ, ਰਜੇਸ ਗੁਲੇਰੀਆ, ਸਰਬਜੀਤ ਸੈਣੀ, ਪਿਆਰੇ ਲਾਲ, ਹਰੀ ਰਾਮ, ਅਸੋ?ਕ ਕੁਮਾਰ, ਸੁਰਜੀਤ ਸਿੰਘ, ਬਰਜਿੰਦਰ ਸਿੰਘ, ਗੁਰਪ੍ਰੀਤ ਕੌਰ, ਸੁਮਨ ਚਾਂਦਲਾ, ਨੀਲਮ ਰਾਣੀ, ਸੁਖਜੀਤ ਕੌਰ ਆਦਿ ਅਧਿਆਪਕ ਹਾਜਰ ਸਨ।

# ਰਾਵੀ ਤੇ ਉੱਜ ਦਰਿਆਵਾਂ ਦੇ ਪਾਣੀ ਤੋਂ ਮਕੌੜਾ ਦੇ ਇਲਾਕੇ ਨੂੰ ਬਚਾਉਣ ਲਈ ਕੀਤੇ ਜਾਣਗੇ ਪੁਖਤਾ ਪ੍ਰਬੰਧ : ਐੱਸ.ਡੀ.ਐੱਮ. ਦੀਨਾਨਗਰ

• **ਗੁਰਦਾਸਪੁਰ-ਨਵਨੀਤ ਕੁਮਾਰ**

ਐੱਸ.ਡੀ.ਐੱਮ. ਦੀਨਾਨਗਰ ਸ੍ਰੀ ਅਰਵਿੰਦ ਕੁਮਾਰ ਨੇ ਕਿਹਾ ਹੈ ਕਿ ਰਾਵੀ ਦਰਿਆ ਦੇ ਪਾਣੀ ਨਾਲ ਮਕੌੜਾ ਪੱਤਣ ਵੱਲ ਦੇ ਇਲਾਕੇ ਨੂੰ ਹੜ੍ਹਾਂ ਤੋਂ ਬਚਾਉਣ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਹਰ ਸੰਭਵ ਇੰਤਜ਼ਾਮ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਬਰਸਾਤੀ ਸੀਜ਼ਨ ਸ਼ੁਰੂ ਹੋਣ ਤੋਂ ਪਹਿਲਾਂ ਡਰੇਨੇਜ਼ ਵਿਭਾਗ ਨੇ ਨਾਜੁਕ ਪੁਆਇੰਟਸ ਤੇ ਦਰਿਆਵਾਂ ਦੇ ਕਿਨਾਰੇ ਸਪਰ ਸਟੱਡ ਅਤੇ ਰਿਵੈਟਮੈਂਟਾਂ ਲਗਾਈਆਂ ਹਨ। ਉਨ੍ਹਾਂ ਦੱਸਿਆ ਕਿ ਰਾਵੀ ਅਤੇ ਉੱਜ ਦਰਿਆ ਦੀ ਮਾਰ ਤੋਂ ਕੀਮਤੀ ਜ਼ਮੀਨ ਨੂੰ ਬਚਾਉਣ ਲਈ ਮਕੌੜਾ ਪੱਤਣ, ਰਾਜਪੁਰ ਚਿੱਬ, ਚੱਕਰੀ ਆਦਿ ’ਤੇ ਲੱਗੇ ਪੁਰਾਣੇ ਸਪੱਰਾਂ ਨੂੰ ਮਜ਼ਬੂਤ ਕੀਤਾ ਗਿਆ ਹੈ ਅਤੇ ਨਵੇਂ ਸਪਰ ਲਗਾਏ ਗਏ ਹਨ ਐੱਸ.ਡੀ.ਐੱਮ. ਅਰਵਿੰਦ ਕੁਮਾਰ ਨੇ ਦੱਸਿਆ ਕਿ 9 ਜੁਲਾਈ ਤੋਂ ਹੀ ਭਾਰੀ ਬਰਸਾਤ ਅਤੇ ਹੜ੍ਹ ਆਉਣ ਕਾਰਨ ਕਾਫੀ ਵਾਹੀਯੋਗ ਰਕਬੇ ਵਿੱਚ ਪਾਣੀ ਆਇਆ ਸੀ, ਜਿਸਦੇ ਨਿਕਾਸ ਲਈ ਪ੍ਰਬੰਧ ਕੀਤੇ ਗਏ ਹਨ। ਰਾਵੀ ਦਰਿਆ ਤੋਂ ਪਾਰ ਦੇ ਪਿੰਡਾਂ ਦੇ ਲੋਕਾਂ ਦੀਆਂ ਮੁਸ਼ਕਲਾਂ ਨੂੰ ਦੂਰ ਕਰਨ ਲਈ ਓਥੇ ਕੈਂਪ ਲਗਾਏ ਜਾ ਰਹੇ ਹਨ। ਮਕੌੜਾ ਪੁਲ ਬਾਰੇ ਜਾਣਕਾਰੀ ਦਿੰਦਿਆਂ ਐੱਸ.ਡੀ.ਐੱਮ. ਸ੍ਰੀ ਅਰਵਿੰਦ ਕੁਮਾਰ ਨੇ ਦੱਸਿਆ ਕਿ ਇਸ ਸਬੰਧੀ ਜ਼ਮੀਨ ਐਕਵਾਇਰ ਕਰਨ ਲਈ ਮੁੱਢਲੇ ਡਰਾਫਟ ਨੋਟੀਫਿਕੇਸ਼ਨ ਨੂੰ ਲੋਕ ਨਿਰਮਾਣ ਵਿਭਾਗ ਨੂੰ ਭੇਜ ਦਿੱਤਾ ਗਿਆ ਹੈ ਅਤੇ ਉਸਦੀ ਪ੍ਰਕਾਸ਼ਨਾ ਨਾਲ ਹੀ ਜ਼ਮੀਨ ਦੀ ਪ੍ਰਾਪਤੀ ਦਾ ਕੰਮ ਤੇਜ਼ ਗਤੀ ਨਾਲ ਸ਼ੁਰੂ ਹੋ ਜਾਵੇਗਾ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਰਾਵੀ ਦਰਿਆ ਅਤੇ ਉੱਜ ਦਰਿਆ ਦੇ ਪਾਣੀ ਤੋਂ ਮਕੌੜਾ ਅਤੇ ਹੋਰ ਹੜ੍ਹ ਪ੍ਰਭਾਵਤ ਖੇਤਰਾਂ ਨੂੰ ਬਚਾਉਣ ਲਈ ਪੁਖਤਾ ਪ੍ਰਬੰਧ ਕੀਤੇ ਜਾ ਰਹੇ ਹਨ।

# ਮਾਨ ਸਰਕਾਰ ਵਲੋਂ ਪੰਜਾਬ ਦੇ ਹੜ੍ਹ ਪੀੜਤਾਂ ਨੂੰ ਕਰ ਰਹੀ ਅਣਗੌਲਿਆ : ਰਾਜਾ ਵੜਿੰਗ



**• ਨਵਾਂਸ਼ਹਿਰ/ਜਤਿੰਦਰ ਪਾਲ ਸਿੰਘ ਕਲੇਰ**

ਡਬਕਾਂਗਰਸ ਪਾਰਟੀ ਵੱਲੋਂ ਜ਼ਿਲ੍ਹਾ ਨਵਾਂ ਸ਼ਹਿਰ ਵਿਖੇ ਕਾਂਗਰਸ ਪਾਰਟੀ ਦੇ ਪੰਜਾਬ ਪ੍ਰਧਾਨ ਰਾਜਾ ਵੜਿੰਗ ਦੀ ਅਗਵਾਈ ਹੇਠ ਕਾਂਗਰਸ ਜ਼ਿਲ੍ਹਾ ਪ੍ਰਧਾਨ ਅਜੈ ਮੰਗੂਪੁਰ ਦੀ ਪ੍ਰਧਾਨਗੀ ਹੇਠ ਕਾਂਗਰਸ ਵਰਕਰਾਂ ਵੱਲੋਂ ਆਪ ਸਰਕਾਰ ਦੇ ਖਿਲਾਫ ਰੋਸ ਪ੍ਰਦਰਸ਼ਨ ਨਵਾਂਸ਼ਹਿਰ ਵਿਖੇ ਕੀਤਾ ਗਿਆ ਇਸ ਰੋਸ ਪ੍ਰਦਰਸ਼ਨ ਦੌਰਾਨ ਕਾਂਗਰਸ ਪਾਰਟੀ ਦੇ ਪੰਜਾਬ ਪ੍ਰਧਾਨ ਰਾਜਾ ਵੜਿੰਗ ਨੇ ਪੱਤਰਕਾਰਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਉਨ੍ਹਾਂ ਦਾ ਅੱਜ ਇਹ ਰੋਸ ਪ੍ਰਦਰਸ਼ਨ ਆਮ ਆਦਮੀ ਪਾਰਟੀ ਦੇ ਖਿਲਾਫ ਹੈ ਕਿਉਂਕਿ ਪੰਜਾਬ ਦੇ ਮੁੱਖ ਮੰਤਰੀ ਮਾਨ ਦੇ ਵਲੋਂ ਪੀੜਤਾਂ ਨੂੰ ਕਿਸੇ ਵੀ ਤਰ੍ਹਾਂ ਦਾ ਕੋਈ ਮੁਆਵਜਾ ਜਾਰੀ ਨਹੀਂ ਕੀਤਾ ਹੈ ਉਨ੍ਹਾਂ ਨੇ ਕਿਹਾ ਹੈ ਕਿ ਭਗਵੰਤ ਮਾਨ ਨੇ ਪੀੜਤਾਂ ਦੇ ਮੁਆਵਜ਼ੇ ਸਬੰਧੀ ਐਲਾਨ ਤਾਂ ਬਹੁਤ ਕੁਝ ਕੀਤਾ ਹੈ।ਪਰ ਉਹ ਐਲਾਨ ਕਰਕੇ ਕਿਸੇ ਨੂੰ ਵੀ ਮੁਆਵਜ਼ਾ ਅਜੇ ਤੱਕ ਵੀ ਨਹੀਂ ਦਿੱਤਾ ਉਹਨਾਂ ਨੇ ਕਿਹਾ ਕਿ ਇਸ ਰੋਸ ਪ੍ਰਦਰਸ਼ਨ ਦੌਰਾਨ ਉਨ੍ਹਾਂ ਨੇ ਹੜਾਂ ਪੀੜਤਾਂ ਦੇ ਲਈ ਵਿਸ਼ੇਸ਼ ਤੌਰ ਤੇ ਕਈ ਮੰਗਾਂ ਰੱਖੀਆਂ ਹਨ। ਜਿਨ੍ਹਾਂ ਵਿਚ ਪਹਿਲੀ ਮੰਗ ਉਨ੍ਹਾਂ ਦੀ ਇਹ ਹੈ ਕਿ 50 ਏਕੜ ਰਕਬੇ ਨੂੰ 50 ਹਜ਼ਾਰ ਮੁਆਵਜ਼ਾ ਅਤੇ ਹੜਾਂ ਕਰਕੇ ਕਿਸੇ ਦੇ ਪਸ਼ੂ ਦੇ ਨੁਕਸਾਨ ਲਈ 50 ਹਜ਼ਾਰ ਮੁਆਵਜ਼ਾ ਤੇ ਕਿਸੇ ਦਾ ਘਰ ਹੜਾਂ ਕਰਕੇ ਤਬਾਹ ਅਗਰ ਹੋ ਗਿਆ ਹੈ ਉਸ ਲਈ ਢਾਈ ਲੱਖ ਰੁਪਏ ਮੁਆਵਜ਼ਾ ਅਤੇ ਜਿਸ ਪਰਿਵਾਰ ਦੇ ਮੈਂਬਰ ਦੀ ਹੜਾਂ ਕਰਕੇ ਮੌਤ ਹੋਈ ਹੈ ਉਸ ਲਈ 10 ਲੱਖ ਰੁਪਏ ਮੁਆਵਜ਼ਾ ਅਤੇ ਜਿਸ ਦੀ ਦੁਕਾਨ ਹੜਾਂ ਕਰਕੇ ਤਬਾਹ ਹੋ ਗਈ ਹੈ ਉਸ ਲਈ 2 ਲੱਖ ਰੁਪਏ ਮੁਆਵਜ਼ਾ ਆਪ ਸਰਕਾਰ ਦੇਵੇ ਉਨ੍ਹਾਂ ਨੇ ਕਿਹਾ ਹੈ ਕਿ ਮਾਨ ਸਰਕਾਰ ਸਿਰਫ ਗੱਲਾਂ ਤੱਕ ਹੀ ਸੀਮਤ ਹੈ ਜਿਸ ਕਰਕੇ ਸੂਤੀ ਹੋਈ ਮਾਨ ਸਰਕਾਰ ਨੂੰ ਜਗਾਉਣ ਲਈ ਅੱਜ ਸਮੂਹ ਕਾਂਗਰਸ ਪਾਰਟੀ ਦੇ ਵਰਕਰਾਂ ਵੱਲੋਂ ਰੋਸ ਪ੍ਰਦਰਸ਼ਨ ਆਪ ਸਰਕਾਰ ਖ਼?ਲਾਫ਼ ਕੀਤਾ ਗਿਆ ਉਨ੍ਹਾਂ ਕਿਹਾ ਜੇਕਰ ਮਾਨ ਸਰਕਾਰ ਇਨ੍ਹਾਂ ਮੰਗਾਂ ਨੂੰ ਪੂਰਾ ਨਹੀਂ ਕਰਦੀ ਤਾਂ ਮਜਬੂਰਨ ਸਮੂਹ ਕਾਂਗਰਸ ਪਾਰਟੀ ਮੁੱਖ ਮੰਤਰੀ ਦੀ ਕੋਠੀ ਦੇ ਬਾਹਰ ਰੋਸ ਪ੍ਰਦਰਸ਼ਨ ਕਰੇਗੀ ਇਸ ਮੌਕੇ ਕਾਗਰਸ਼ ਪਾਰਟੀ ਦੇ ਅਹੁਦੇਦਾਰ ਅਤੇ ਇਲਾਕੇ ਭਰ ਤੋਂ ਲੋਕ ਵੱਡੀ ਗਿਣਤੀ ਵਿੱਚ ਹਾਜਰ ਸਨ।

# ਸ਼ਿਵ ਕੁਮਾਰ ਕਾਲੀਆ ਵਲੋਂ ਨੰਗਲ ਤੋਂ ਸ੍ਰੀ ਅਨੰਦਪੁਰ ਸਾਹਿਬ ਤੱਕ ਕੱਢੀ ਗਈ 12ਵੀਂ 'ਪੈਗਾਮ-ਏ-ਇਨਕਲਾਬ ਯਾਤਰਾ'

## ਵੱਖ-ਵੱਖ ਆਗੂਆਂ ਵਲੋਂ ਯਾਤਰਾ ਦਾ ਥਾਂ- ਥਾਂ ਤੇ ਭਰਵਾ ਸਵਾਗਤ

**• ਸ੍ਰੀ ਅਨੰਦਪੁਰ ਸਾਹਿਬ/ ਦਵਿੰਦਰਪਾਲ ਸਿੰਘ**



ਇੱਥੋ ਨੇੜਲੇ ਪਿੰਡ ਗੰਭੀਰਪੁਰ ਦੇ ਜੰਮਪਲ ਅਤੇ ਨੌਜੁਆਨ ਪੱਤਰਕਾਰ ਅਤੇ ਸਮਾਜ ਸੇਵੀ ਸਿ?ਵ ਕੁਮਾਰ ਕਾਲੀਆ ਵਲੋਂ ਆਜਾਦੀ ਦਿਹਾੜੇ ਮੌਕੇ ਨੰਗਲ ਦੀ ਅੱਡਾ ਮਾਰਕੀਟ ਤੋਂ ਸ੍ਰੀ ਅਨੰਦਪੁਰ ਸਾਹਿਬ ਦੇ ਭਗਤ ਰਵਿਦਾਸ ਚੌਂਕ ਤੱਕ 12ਵੀਂ ÷ਪੈਗਾਮ-ਏ-ਇਨਕਲਾਬ÷ ਯਾਤਰਾ ਕੱਢੀ ਗਈ।ਜਿਸ ਦਾ ਵੱਖ-ਵੱਖ ਥਾਵਾਂ ਤੇ ਭਰਵਾ ਸਵਾਗਤ ਕੀਤਾ ਗਿਆ। ਇਸ ਯਾਤਰਾ ਦੀ ਸ਼ੁਰੂਆਤ ਨੌਜੁਆਨ ਆਗੂ ਗੌਰਵ ਰਾਣਾ ਵਲੋਂ ਕੀਤੀ ਗਈ।ਉਹਨਾ ਕਿਹਾ ਕਿ ਬਹੁਤ ਹੀ ਖ਼ੁਸ਼ੀ ਦੀ ਗੱਲ ਹੈ ਕਿ ਨੌਜੁਆਨ ਪੱਤਰਕਾਰ ਸਿਵ ਕੁਮਾਰ ਕਾਲੀਆ ਵਲੋਂ ਬੀਤੇ ਲੰਬੇ ਸਮੇਂ ਤੋਂ ਸਮਾਜ ਅੰਦਰ ਫੈਲੇ ਨਸਿ?ਆਂ ਅਤੇ ਸਮਾਜਿਕ ਅਲਾਮਤਾਂ ਦੇ ਫੈਲੇ ਕੋਹੜ ਦੇ ਖਿਲਾਫ ਲੜਾਈ ਲੜੀ ਜਾ ਰਹੀ ਹੈ। ਜਿਸ ਲਈ ਉਹ ਵਧਾਈ ਦੇ ਪਾਤਰ ਹਨ। ਇਸ ਤੋਂ ਬਾਅਦ ਇਹ ਯਾਤਰਾ ਐਮ.ਪੀ. ਦੀ ਕੋਠੀ, ਬ੍ਰਹਮਪੁਰ, ਭਨੁੱਪਲੀ, ਤੋਂ ਹੁੰਦੀ ਹੋਈ ਢੇਰ ਪਹੁੰਚੀ ਜਿੱਥੇ ਕਿਸ਼ਾਨ ਆਗੂ ਜ਼ਸਵਿੰਦਰ ਸਿੰਘ ਢੇਰ ਦੀ ਅਗਵਾਈ ਹੇਠ ਪੱਤਰਕਾਰ ਕਾਲੀਆਂ ਵਲੋਂ ਝੰਡਾ ਵੀ ਲਹਿਰਾਇਆ ਗਿਆ।ਉਪਰੰਤ ਇਹ ਯਾਤਰਾ ਗੰਗੂਵਾਲ ਮੋੜ ਬੱਸ ਅੱਡਾ ਤੋਂ ਹੁੰਦੀ ਹੋਈ ਭਗਤ ਰਵਿਦਾਸ ਚੌਂਕ ਵਿਖੇ ਸਮਾਪਤ ਹੋਈ। ਇਸ ਯਾਤਰਾ ਦੌਰਾਨ ਜਿੱਥੇ ਦੇਸ਼ ਭਗਤੀ ਦੇ ਗੀਤਾਂ ਦੀ ਗੂੰਜ ਹਰੇਕ ਪਾਸੇ ਸੁਣਾਈ ਦਿੱਤੀ, ਉੱਥੇ ਹੀ ਪੱਤਰਕਾਰ ਕਾਲੀਆ ਨੇ ਕਿਹਾ ਕਿ ਨਸਿ?ਆਂ ਖਿਲਾਫ ਲੜਾਈ ਜਾਰੀ ਰਹੇਗੀ।

### ■ ਸਮਾਜਿਕ ਅਲਾਮਤਾਂ ਅਤੇ ਨਸ਼ਿਆਂ ਖਿਲਾਫ ਲੜਾਈ ਜਾਰੀ ਰਹੇਗੀ : ਕਾਲੀਆ

ਸਮਾਗਮ ਦੌਰਾਨ ਵਪਾਰ ਮੰਡਲ, ਆਮ ਆਦਮੀ ਪਾਰਟੀ, ਭਾਜਪਾ, ਆਸਰਾ ਫਾਊਂਡੇਸ਼ਨ, ਗੁਰਦੁਆਰਾ ਤੱਪ ਅਸਥਾਨ ਆਦਿ ਸੰਸਥਾਵਾਂ ਵਲੋਂ ਪੱਤਰਕਾਰ ਕਾਲੀਆ ਦਾ ਸਨਮਾਨ ਵੀ ਕੀਤਾ ਗਿਆ।ਇਸ ਮੌਕੇ ਡਾਇਰੈਕਟਰ ਮਹਿੰਦਰਪਾਲ ਸਿੰਘ, ਪ੍ਰਵੇਜ਼ ਖਾਨ, ਲੱਕੀ ਕਪਿਲਾ, ਆਪ ਦੇ ਵਪਾਰ ਵਿੰਗ ਦੇ ਪ੍ਰਧਾਨ ਜ਼ਸਵੀਰ ਸਿੰਘ ਅਰੋੜਾ, ਦੀਪਕ ਆਂਗਰਾ, ਵਪਾਰ ਮੰਡਲ ਦੇ ਪ੍ਰਧਾਨ ਇੰਦਰਜੀਤ ਸਿੰਘ ਅਰੋੜਾ, ਆਸਰਾ ਫਾਊਂਡੇਸ਼ਨ ਦੇ ਪ੍ਰਧਾਨ ਨਵੀਨ ਕੁਮਾਰ, ਭਾਜਪਾ ਆਗੂ ਬਲਰਾਮ ਪਰਾਸਰ, ਬਖਤਾਵਰ ਸਿੰਘ ਰਾਣਾ, ਮਾ. ਸੰਜੀਵ ਧਰਮਾਣੀ, ਦਵਿੰਦਰ ਸਿੰਘ ਛਿੰਦੂ, ਦਵਿੰਦਰਪਾਲ ਸਿੰਘ, ਅਜੇ ਕੁਮਾਰ, ਅਮਰਦੀਪ ਸਿੰਘ ਸੰਧੂ, ਕਵਲਜੋਤ ਸਿੰਘ, ਸ਼ੈਲੀ ਅਰੋੜਾ, ਹਰਪਾਲ ਸਿੰਘ ਭੁੱਲਰ, ਅਮ੍ਰਿਤ ਲਾਲ ਘੋਗਾ ਸਮੇਤ ਵੱਡੀ ਗਿਣਤੀ ਵਿੱਚ ਇਲਾਕਾ ਵਾਸੀ ਹਾਜਰ ਸਨ।

# ਖੰਡ ਬਰਹਿਮੰਡ ਦੀ ਉਤਪਤੀ



**ਧਰਤੀ** ਦਾ ਵਿਕਾਸ, ਮਨੁੱਖ ਦੀ ਹੋਂਦ, ਅਜਿਹੇ ਵਿਲੱਖਣ ਸੁਆਲ ਸਦਾ ਸਾਡੇ ਸਨਮੁੱਖ ਰਹੇ ਹਨ। ਮਨੁੱਖੀ ਮਨ ਦੀਆਂ ਭਾਵਨਾਵਾਂ, ਜਿਸਮ ਦੀ ਹੋਂਦ, ਰੂਹ ਦਾ ਸੁਹੱਪਣ, ਇਹ ਸਭ ਕੀ ਹੈ? ਅੱਜ ਅਸੀਂ ਤੁਹਾਨੂੰ ਆਸਟਰੇਲੀਆ ਦੇ ਬ੍ਰਿਸਬੇਨ ਸ਼ਹਿਰ ਵੱਸਦੀ ਡਾਕਟਰ ਮਨਜੀਤ ਕੌਰ ਸੰਧੂ ਸੰਗ ਮਿਲਾ ਰਹੇ ਹਾਂ। ਪੰਜਾਬ ਦੀ ਧਰਤੀ ਦੀ ਜੰਮਪਲ ਡਾਕਟਰ ਮਨਜੀਤ ਕੌਰ ਸੰਧੂ ਨੇ ਗੱਲਬਾਤ ਦੌਰਾਨ ਦੱਸਿਆ, ਮੈਂ ਮੂਲ ਰੂਪ ਵਿੱਚ ਲੁਧਿਆਣਾ ਦੀ ਰਹਿਣ ਵਾਲੀ ਹਾਂ। ਡਾਕਟਰੀ ਦੀ ਪੜ੍ਹਾਈ ਮੈਂ ਇਸੇ ਸ਼ਹਿਰ ਵਿੱਚ ਕੀਤੀ ਹੈ। ਅਸੀਂ ਪੰਜ ਭੈਣ ਭਰਾ ਹਾਂ। ਮਾਤਾ ਪਿਤਾ ਬਹੁਤ ਨਿਮਰਤਾ ਅਤੇ ਪਿਆਰ ਕਰਨ ਵਾਲੇ ਇਨਸਾਨ ਸਨ। ਮੇਰੇ ਮਨ ਵਿੱਚ ਜੋ ਪਹਿਲਾ ਪ੍ਰਭਾਵ ਬਚਪਨ ਤੋਂ ਹੀ ਕਿਸੇ ਸ਼ਖ਼ਸੀਅਤ ਦਾ ਪਿਆ ਉਹ ਸਨ ਸਾਡੇ ਬਾਬਾ ਜੀ, ਹਕੀਮ ਕਰਤਾਰ ਸਿੰਘ ਜੀ। ਬੇਹੱਦ ਪ੍ਰਭਾਵਿਤ ਕਰਨ ਵਾਲੇ, ਬਹੁਤ ਵਧੀਆ ਵਕਤਾ। ਮਨ , ਰੂਹ, ਜਿਸਮ ਬਾਰੇ ਸੂਖਸ਼ਮ ਅਹਿਸਾਸ ਵਾਲੇ, ਬੇਹੱਦ ਡਸਿਪਲਨ ਦੇ ਮਾਲਕ, ਵਿਵੇਕ ਮਈ। ਆਪਣੀ ਮੌਤ ਬਾਰੇ ਜਾਣਦੇ ਸਨ। ਜਿਵੇਂ ਉਹਨਾਂ ਨੇ ਸਰੀਰ ਨੂੰ ਅਲਵਿਦਾ ਕਿਹਾ , ਉਹ ਘਟਨਾ ਸਮੁੱਚੇ ਸ਼ਹਿਰ ਨੂੰ ਪਤਾ ਹੈ। ਮੇਰੇ ਮਾਤਾ ਜੀ, ਮਹਿੰਦਰ ਕੌਰ ਜੀ ਉਹਨਾਂ ਦੇ ਸਿਰਹਾਣੇ ਖਲੋਤੇ ਸਨ, ਬਾਬਾ ਜੀ ਨੇ ਕਿਹਾ, ਚੰਗਾ ਮਹਿੰਦਰ ਜੀ ਫਿਰ ਮਿਲਾਂਗੇ। ਇਹ ਕਹਿ ਕੇ ਉਹਨਾਂ ਨੇ ਜਿਸਮ ਛੱਡ ਦਿੱਤਾ ਤੇ ਅਗਲੇ ਸਫ਼ਰ ਤੇ ਤੁੱਰ ਗਏ। ਮੈਂ ਉਸ ਸਮੇਂ ਕਾਲਜ ਗਈ ਹੋਈ ਸੀ। ਮੇਰੀ ਵੱਡੀ ਭੈਣ ਸਤਿਬੀਰ ਕੌਰ ਵੀ ਮੇਰੇ ਨਾਲ ਸੀ। ਮਾਤਾ ਮਹਿੰਦਰ ਕੌਰ ਨੇ ਸਾਨੂੰ ਸਾਰਿਆਂ ਨੂੰ ਇਹ ਬਿਰਤਾਂਤ ਸੁਣਾਏ। ਸੰਤ ਮੱਤ ਬਾਰੇ ਇਥੋਂ ਹੀ ਲਗਨ ਲੱਗੀ। ਮੇਰੀ ਸ਼ਾਦੀ ਹੋਈ ਡਾਕਟਰ ਮੁਖਤਿਆਰ ਸਿੰਘ ਸੰਧੂ ਸੰਗ। ਡਾਕਟਰੀ ਪੇਸ਼ੇ ਵਿੱਚ ਰੋਜ਼ ਅਜਿਹੇ ਲੋਕਾਂ, ਮਰੀਜ਼ਾਂ ਨਾਲ ਮੁਲਾਕਾਤ ਹੁੰਦੀ ਜਿਹੜੇ ਨਿਰਾਸ਼ ਹੁੰਦੇ। ਦਵਾਈ ਦੇ ਨਾਲ ਮੈਂ ਉਹਨਾਂ ਦੀ ਕਾਊਂਸਲਿੰਗ ਕਰਦੀ, ਮੇਰਾ ਇਹ ਨੇਮ ਬਣ ਗਿਆ। ਤਕਰੀਬਨ 25 ਸਾਲ ਮੈਂ ਇਸ ਕਾਰਜ ਨੂੰ ਕੀਤਾ। ਹਜ਼ਾਰਾਂ ਲੋਕਾਂ ਸੰਗ ਸੰਵਾਦ ਰਚਾਉਂਦੇ ਮੈਂ ਖੰਡ ਬਰਹਿਮੰਡ, ਪਰਮਾਤਮਾ ਦੀ ਹੋਂਦ, ਸਰੀਰ ਦੀ ਬਣਤਰ, ਰੂਹ ਦੀ ਹਸਤੀ ਅਜਿਹੇ ਵਿਲੱਖਣ ਸੰਸਾਰ ਨੂੰ ਮਾਣਦੀ ਜ਼ਿੰਦਗੀ ਦੇ ਰਹੱਸ ਬਾਰੇ ਸੋਚਦੀ ਰਹੀ। ਬ੍ਰਹਮਕੁਮਾਰੀ ਸ਼ਿਵਾਨੀ ਨੇ ਮੇਰੇ ਮਨ ਵਿੱਚ ਸੰਜਮ ਨਿਮਰਤਾ, ਸਾਦਗੀ, ਸਚਾਈ ਦੀ ਜੋਤ ਜਗਾ ਦਿੱਤੀ। ਮੇਰੇ ਦੋ ਬੱਚੇ ਪੁਸ਼ਪਿੰਦਰ ਸਿੰਘ ਸੰਧੂ ਤੇ ਨਵਦੀਪ ਕੌਰ ਸੰਧੂ ਆਸਟਰੇਲੀਆ ਵੱਸਦੇ ਹਨ, ਉਹਨਾਂ ਨੂੰ ਮਿਲਣ ਅਸੀਂ ਨਿਰੰਤਰ ਆਸਟ?ਰੇਲੀਆ ਜਾਣ ਲੱਗ ਪਏ। ਬ੍ਰਿਸਬੇਨ ਸ਼ਹਿਰ ਨਾਲ ਅਜਿਹਾ ਮੋਹ ਪੈ ਗਿਆ ਕਿ ਹੁਣ ਇਹ ਸ਼ਹਿਰ ਹੀ ਮੇਰਾ ਹੈ। ਰਿਸ਼ਤਿਆਂ ਦੀ ਪਾਕੀਜ਼ਗੀ ਬਾਰੇ ਜਾਣਕਾਰੀ ਦਿੰਦਿਆਂ ਡਾਕਟਰ ਮਨਜੀਤ ਕੌਰ ਨੇ ਕਿਹਾ, ਅਸੀਂ ਪੰਜ ਭੈਣ ਭਰਾ ਹਾਂ, ਪਰ ਸਾਰੇ ਵੱਖ ਵੱਖ ਵਿਚਾਰਾਂ ਦੇ ਪ੍ਰਗਟਾਵੇ ਵਾਲੇ ਹਾਂ। ਸਾਡੀਆਂ ਆਦਤਾਂ ਸਾਡੇ ਸੁਭਾਅ ਅਸੂਲ ਸਭ ਅੱਡ ਅੱਡ ਹਨ। ਪਤਾ ਨਹੀਂ ਕਿਹੜੇ ਕਿਹੜੇ ਬ੍ਰਹਿਮੰਡ ਤੋਂ ਆਏ ਹਾਂ। ਸਾਡੇ ਪੁਰਾਣੇ ਕੀ ਸੰਬੰਧ ਹਨ ਜੋ ਅਸੀਂ ਇੱਕ ਮਾਂ ਦੇ ਪੇਟ ਵਿੱਚ ਜਨਮੇ ਹਾਂ। ਸਾਡਾ ਪੁਰਾਣਾ ਸੰਬੰਧ ਹੋਏਗਾ ਤਦ ਹੀ ਅਸੀਂ ਫਿਰ ਮਿਲੇ ਹਾਂ। ਜੇਕਰ ਅਸੀਂ ਜਿਉਂਦੇ ਜੀਅ ਮਰਨ ਦੀ ਕਲਾ ਸਿਖ ਲਈਏ ਅਸੀਂ ਦੇਖ ਸਕਦੇ ਹਾਂ ਕਿ ਅਸੀਂ ਕੌਣ ਹਾਂ? ਜ਼ਿੰਦਗੀ ਦੇ ਸਫ਼ਰ ਦੀਆਂ ਝਾਕੀਆਂ ਪੇਸ਼ ਕਰਦੇ ਡਾਕਟਰ ਮਨਜੀਤ ਕੌਰ ਸੰਧੂ ਨੇ ਕਿਹਾ, ਮੇਰੇ ਮਾਤਾ ਮਹਿੰਦਰ ਕੌਰ ਜੀ ਅਧਿਆਤਮਕ ਗਿਆਨ ਰੱਖਦੇ ਸਨ, ਸਾਡੇ ਸਰੀਰ ਅੰਦਰ ਕੀ ਵਾਪਰ ਰਿਹਾ ਹੈ, ਇਸ ਦੀ ਜਾਣਕਾਰੀ ਉਹਨਾਂ ਨੂੰ ਸੀ। ਪਿਤਾ ਜੀ ਸਰਦਾਰ ਗੰਗਾ ਸਿੰਘ ਜੀ ਬੇਹੱਦ ਸ਼ਾਂਤ ਸੁਭਾਅ ਵਾਲੇ, ਹਰ ਕਿਸੇ ਦੇ ਕੰਮ ਆਉਣ ਵਾਲੇ, ਕਰਮਸ਼ੀਲ ਵਿਅਕਤੀ ਸਨ। ਨਿਮਰਤਾ ਸਾਦਗੀ ਦੇ ਗੁਣ ਮੈਂ ਉਹਨਾਂ ਤੋਂ ਧਾਰਨ ਕੀਤੇ। ਮੇਰੇ ਹਮਸਫ਼ਰ ਡਾਕਟਰ ਮੁਖਤਿਆਰ ਸਿੰਘ ਸੰਧੂ, ਕੰਮ ਦੀ ਬਾਰੀਕੀ ਨੂੰ ਸਮਝਣ ਵਾਲੇ, ਤੇ ਮੇਰੀ ਬੇਟੀ ਨਵਦੀਪ ਕੌਰ ਸੰਧੂ ਤਰਕ ਵਿਗਿਆਨ ਦੀ ਮਾਹਿਰ, ਅਜਿਹੇ ਵਿਲੱਖਣ ਪਛਾਣ ਵਾਲੇ ਇਨਸਾਨਾਂ ਅੰਦਰ ਰਹਿੰਦੇ ਮੈਂ ਵਿਵੇਕ ਮਈ ਬਣ ਗਈ।

# ਮਾਤਾ ਚਿੰਤਪੂਰਨੀ ਵਿਖੇ ਕੱਲ੍ਹ ਦੇ ਜਾਗਰਣ ਵਿੱਚ ਅੰਕਿਤ ਬਾਂਸਲ ਸ਼ਿਰਕਤ ਕਰਨਗੇ : ਸੰਜੀਵ ਬਾਂਸਲ


**• ਸੰਗਰੂਰ/ਕੁਲਵਿੰਦਰ ਸਿੰਘ ਧੀਮਾਨ**



ਸਾਵਣ ਮਹੀਨੇ ਦੇ ਨਵਰਾਤਿਆ ਦੌਰਾਨ ਜੈ ਮਾਤਾ ਚਿੰਤਪੂਰਨੀ ਚੈਰੀਟੇਬਲ ਟਰੱਸਟ (ਰਜਿ.) ਭਵਾਨੀਗੜ੍ਹ ਅਤੇ ਨਵੀਂ ਦਿੱਲੀ ਵਾਲਿਆ ਵੱਲੋਂ 17ਵਾਂ ਵਿਸ਼ਾਲ ਭੰਡਾਰਾ ਮਿਤੀ 17 ਅਗਸਤ ਤੋਂ 24 ਅਗਸਤ ਤੱਕ ਚਿੰਤਪੁਰਨੀ ਵਿਖੇ ਚੱਲ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆ ਟਰੱਸਟ ਦੇ ਵਾਇਸ ਚੈਅਰਮੈਨ ਸ੍ਰੀ ਸੰਜੀਵ ਬਾਂਸਲ ਨੇ ਦੱਸਿਆ ਕਿ ਇਹ ਭੰਡਾਰਾ ਨਿਰਵਿਘਨ 24 ਘੰਟੇ ਮਾਤਾ ਦੇ ਭਗਤਾਂ ਲਈ ਚਲਦਾ ਰਹੇਗਾ। 19 ਅਗਸਤ ਨੂੰ ਭੰਡਾਰੇ ਦੌਰਾਨ ਹੋ ਰਹੇ ਮਾਤਾ ਦੇ ਜਾਗਰਣ ਵਿੱਚ ਮਾਤਾ ਦੇ ਭਗਤ, ਭਾਜਪਾ ਦੇ ਰਾਸ਼ਟਰੀ ਯੁਵਾ ਨੇਤਾ ਸ੍ਰੀ ਅੰਕਿਤ ਬਾਂਸਲ ਹਾਜ਼ਰੀ ਲਗਾਉਣਗੇ। ਟਰੱਸਟ ਦੇ ਪ੍ਰਧਾਨ ਸ੍ਰੀ ਚਰਨਜੀਵ ਬਾਂਸਲ ਨੇ ਦੱਸਿਆ ਕਿ ਭੰਡਾਰੇ ਦੌਰਾਨ ਮਾਤਾ ਦੇ ਜਾਗਰਣ ਵਿੱਚ ਗੁਣਗਾਨ ਨਿਊ ਸ੍ਰੀ ਵਿਸ਼ਾਲ ਦੁਰਗਾ ਸੰਕੀਰਤਨ ਮੰਡਲੀ ਲਹਿਰਾਗਾਗਾ ਦੀ ਪਾਰਟੀ ਵੱਲੋਂ ਕੀਤਾ ਜਾਵੇਗਾ। ਚੈਅਰਮੈਨ ਸੁਨੀਲ ਗੁਪਤਾ ਅਤੇ ਵਾਇਸ ਚੈਅਰਮੈਨ ਸੁਰਿੰਦਰ ਜਿੰਦਲ ਨੇ ਦੱਸਿਆ ਕਿ ਇਹ ਭੰਡਾਰਾ ਚਿੰਤਪੁਰਨੀ ਵਿਖੇ 24 ਘੰਟੇ ਚੱਲਣ ਵਾਲੇ ਭੰਡਾਰਿਆ ਵਿੱਚੋ ਮੁੱਖ ਹੈ। ਟਰੱਸਟ ਦੇ ਵਾਇਸ ਪ੍ਰਧਾਨ ਸ੍ਰੀ ਸੁਨੀਲ ਬਾਂਸਲ ਅਤੇ ਅਮਨ ਸ਼ਰਮਾ ਨੇ ਦੱਸਿਆ ਕਿ ਭੰਡਾਰੇ ਦੌਰਾਨ ਮਾਤਾ ਦੇ ਭਗਤਾ ਨੂੰ ਲੰਗਰ ਹਰ ਸਮੇਂ ਤਾਜਾ, ਗਰਮ ਅਤੇ ਸਾਫ ਸੁਥਰਾ ਮਿਲੇਗਾ। ਇਸ ਮੌਕੇ ਹੋਰਨਾ ਤੋਂ ਇਲਾਵਾ ਟਰੱਸਟੀ ਹਰਦਵਾਰੀ ਲਾਲ ਦਿੜ?ਬਾ, ਸੁਰਿੰਦਰ ਕੁਮਾਰ ਸੁਨਾਮ, ਨਰੇਸ਼ ਗੋਇਲ, ਬਾਲੀ ਜਿੰਦਲ, ਬਬਲੇਸ਼ ਗੋਇਲ, ਸਤੀਸ਼ ਗਰਗ, ਰਤਨ ਕਾਂਸਲ, ਰਜਿੰਦਰ ਕੁਮਾਰ, ਜਗਦੀਸ਼ ਅਰੋੜਾ, ਹਰਿੰਦਰ ਗੋਇਲ, ਬਲਦੇਵ ਸਿੰਘ, ਸ਼ਿਸ਼ਨ ਕੁਮਾਰ ਅਤੇ ਸੁੱਖੀ ਮੌੜ ਆਦਿ ਹਾਜ਼ਰ ਸਨ।

St. Soldier
GROUP OF INSTITUTIONS
SINCE 1958
EDUCATIONAL 64 YEARS EXCELLENCE
MORE THAN
•56 Colleges & Schools •200 Merit Positions
•125 Companies For Placements
•75 Academic Courses
•2000 Placements In 2022 - 2023
•42000 Students From All Over India
CANADIAN PATHWAY PROGRAMS
FREE BUS SERVICE FOR ALL COLLEGE STUDENTS FOR ALL ROUTES
ENGINEERING (B.Tech - M.Tech*)
• Mechanical Engg.*• Electrical Engg. • Civil Engg. • Computer Science Engg.* • Tool Engg. • B.Voc Hardware and Networking • Electronics & Comm. Engg. • Automobile Engg.
HOTEL MANAGEMENT
• B.Sc (H&HA) Hospitality and Hotel Administration • BHMCT Hotel Management & Catering Technology • BTTM Tourism and Travel Management • MHMCT Masters in Hotel Management and Catering Technology • One Year Courses (Food Production, Bakery, F&B Services, Front Office)
MANAGEMENT & COMMERCE
• MBA • BBA • B.Sc. (Cyber Security) • M.Com.(Prof.) • BCom. (Reg/Prof.)
DEGREE COURSES
• BA • B.Com. • BBA • D.C.A. • PGDCA • BCA / B.Sc. (IT)
PARAMEDICAL COURSES
• M.Pharmacy • B.Pharmacy • B. Sc. MLS • D.Pharmacy • Diploma in MLT • M.Sc MLS • Bachelor of Physiotherapy • MSC (Medical Microbiology, Biochemistry) • BSC Medical Technology - Anesthesia & Operation Theater* • BSC Operation Theater Technology* • BSC Radiology and Imaging Technology*
POLYTECHNIC DIPLOMA
IN JALANDHAR & CHABBEWAL HOSHIARPUR
• Tool & Die Making • Electronics & Comm. Engg. • Civil Engg. • Mechanical, Electrical, Computer Engg. • Automobile Engg. • Mechatronics Diploma in Polytechnic • Diploma in Architectural Assistance Ship
MEDIA & FASHION
• B.Sc. Fashion Technology • B.Sc. Mass Comm. & Journalism • B.Sc. Multimedia
INFORMATION TECHNOLOGY
• MCA • BCA • BSc.IT • PGDCA • DCA
LAW
• BA.LLB. • B.COM. LLB • BBA.LLB. • LLB
• PG DIPLOMA IN CYBER LAW
TEACHER / PHYSICAL EDUCATION
• BPES • B.Ed.• D.El.Ed.• B.P.Ed. • D.P.Ed
NURSING TRAINING
• General Nursing & Midwifery (GNM)
ARCHITECTURE
• B. Architecture
INDUSTRIAL TRAINING INSTITUTE
• Electrician • COPA • Welder • Carpenter • Plumber • Vehicle Motor Mechanic • Architecture Draftsman • Diesel Mechanic • Refrigeration & AC
PMKVY
/stsoldiergroup
www.stsoldiergroup.com
LATERAL ENTRY ADMISSION INTO SECOND YEAR AVAILABLE
Now ANIMATION & SOCIAL MEDIA Courses Available
CORP. OFFICE : 680-L MODEL TOWN, JALANDHAR.
M: 9814003681 | 9814003652 | 9814345025 | 9914464565

# ਲਾਇਬ੍ਰੇਰੀ ਗਿਆਨ ਦਾ ਮੰਦਰ ਹੈ



**ਲਾਇਬ੍ਰੇਰੀ** ਗਿਆਨ ਦਾ ਮੰਦਰ ਹੈ ਅਤੇ ਇਸ ਡਿਜੀਟਲ ਯੁੱਗ ਵਿੱਚ ਵੀ ਹਜ਼ਾਰਾਂ ਲੋਕ ਗਿਆਨ ਇਕੱਠਾ ਕਰਨ ਲਈ ਜਨਤਕ ਲਾਇਬ੍ਰੇਰੀਆਂ 'ਤੇ ਹੀ ਨਿਰਭਰ ਹਨ। ਲਾਇਬ੍ਰੇਰੀਆਂ ਸਭਿਅਤਾ ਦੀ ਤਰੱਕੀ ਦਾ ਪ੍ਰਤੀਕ ਹਨ। ਸਾਡੇ ਬਹੁਤੇ ਸਕੂਲਾਂ-ਕਾਲਜਾਂ ਵਿੱਚ ਅਪਣਾਇਆ ਜਾ ਰਿਹਾ ਸੱਭਿਆਚਾਰ ਇਹ ਹੈ ਕਿ ਵਿਦਿਆਰਥੀਆਂ ਨੂੰ ਪਾਠਕਾਂ ਤੋਂ ਕਿਵੇਂ ਦੂਰ ਰੱਖਿਆ ਜਾਵੇ। ਕਿਤਾਬਾਂ ਅਲਮਾਰੀਆਂ ਵਿੱਚ ਸੁਰੱਖਿਅਤ ਢੰਗ ਨਾਲ ਬੰਦ ਹਨ ਅਤੇ ਬਹੁਤ ਸਾਰੀਆਂ ਮਾੜੀਆਂ ਕਿਤਾਬਾਂ ਪਾਠਕ ਦੇ ਪੰਨਿਆਂ ਨੂੰ ਛੂਹਣ ਦੀ ਉਡੀਕ ਕਰ ਰਹੀਆਂ ਹਨ। ਇੱਥੋਂ ਤੱਕ ਕਿ ਬਹੁਤ ਉੱਚੇ ਰੈਂਕ ਵਾਲੇ ਮਾਨਤਾ ਪ੍ਰਾਪਤ ਕਾਲਜਾਂ ਵਿੱਚ ਵਿਦਿਆਰਥੀਆਂ ਨੂੰ ਲਾਇਬ੍ਰੇਰੀ ਦੀ ਮੁਫਤ ਵਰਤੋਂ ਦੀ ਆਗਿਆ ਨਹੀਂ ਹੈ। ਖੋਜ ਸੰਸਥਾਵਾਂ ਦੁਆਰਾ ਪ੍ਰਬੰਧਿਤ ਲਾਇਬ੍ਰੇਰੀਆਂ ਵਿੱਚ, ਸਥਿਤੀ ਹੋਰ ਤਰਸਯੋਗ ਹੈ. ਉਹ ਆਪਣੀ ਸਹੂਲਤ ਦੀ ਵਰਤੋਂ ਕਰਨ ਲਈ ਜਨਤਾ ਦਾ ਮਨੋਰੰਜਨ ਨਹੀਂ ਕਰਨਗੇ ਜਾਂ ਭਾਵੇਂ ਉਹ ਇਜਾਜ਼ਤ ਦਿੰਦੇ ਹਨ ਕਿ ਕਈ ਕਰਨ ਅਤੇ ਨਾ ਕਰਨ ਦੇ ਕੰਮ ਹੋਣਗੇ, ਜਿਵੇਂ ਕਿ ਪਾਠਕ ਉੱਚ-ਸੁਰੱਖਿਆ ਵਾਲੇ ਖੇਤਰ ਵਿੱਚ ਹੈ। ਇੱਕ ਵਾਰ ਪਾਬੰਦੀ ਲੱਗਣ ਤੋਂ ਬਾਅਦ ਕੋਈ ਵੀ ਨੌਜਵਾਨ ਆਪਣੇ ਜੀਵਨ ਕਾਲ ਵਿੱਚ ਅੱਗੇ ਉਸ ਖੇਤਰ ਵਿੱਚ ਦਾਖਲ ਨਹੀਂ ਹੋਵੇਗਾ। ਪੜ੍ਹਨਾ ਇੱਕ ਅਜਿਹਾ ਹੁਨਰ ਹੈ ਜਿਸਦਾ ਪਾਲਣ-ਪੋਸ਼ਣ ਕੇਵਲ ਸਰਗਰਮ ਰੀਡਿੰਗ ਦੁਆਰਾ ਕੀਤਾ ਜਾ ਸਕਦਾ ਹੈ ਅਤੇ ਇਸ ਵਿੱਚ ਲਾਇਬ੍ਰੇਰੀਅਨ ਦੀ ਵੱਡੀ ਭੂਮਿਕਾ ਹੁੰਦੀ ਹੈ। ਇੱਕ ਚੰਗਾ ਲਾਇਬ੍ਰੇਰੀਅਨ ਇੱਕ ਚੰਗੇ ਐਨਸਾਈਕਲੋਪੀਡੀਆ ਜਿੰਨਾ ਹੀ ਚੰਗਾ ਹੈ। ਇੱਕ ਚੰਗਾ ਲਾਇਬ੍ਰੇਰੀਅਨ ਸਾਡੇ ਨੌਜਵਾਨਾਂ ਵਿੱਚ ਰਵੱਈਏ ਵਿੱਚ ਤਬਦੀਲੀ ਲਿਆ ਸਕਦਾ ਹੈ। ਕੁਝ ਕੁ ਚੰਗੇ ਲਾਇਬ੍ਰੇਰੀਅਨ ਹਨ ਜੋ ਪਾਠਕਾਂ ਨਾਲ ਗੱਲਬਾਤ ਕਰਦੇ ਰਹਿੰਦੇ ਹਨ ਅਤੇ ਉਨ੍ਹਾਂ ਨੂੰ ਲਾਇਬ੍ਰੇਰੀ ਵਿੱਚ ਉਪਲਬਧ ਨਵੀਆਂ ਕਿਤਾਬਾਂ ਪੜ੍ਹਨ ਲਈ ਪ੍ਰੇਰਿਤ ਕਰਦੇ ਹਨ। ਉਸਨੂੰ ਗਿਆਨ ਦੇ ਪ੍ਰਸਾਰ ਲਈ ਏਜੰਟ ਵਜੋਂ ਕੰਮ ਕਰਨਾ ਚਾਹੀਦਾ ਹੈ। ਲਾਇਬ੍ਰੇਰੀ ਇੱਕ ਵਧਣ ਵਾਲਾ ਜੀਵ ਹੈ ਅਤੇ ਇਸਦਾ ਵਿਕਾਸ ਇੱਕ ਚੰਗੇ ਲਾਇਬ੍ਰੇਰੀਅਨ ਦੀ ਮਦਦ ਨਾਲ ਹੀ ਸੰਭਵ ਹੈ। ਇੱਕ ਚੰਗੇ ਲਾਇਬ੍ਰੇਰੀਅਨ ਨੂੰ ਲਾਇਬ੍ਰੇਰੀ ਸੱਭਿਆਚਾਰ ਵਿੱਚ ਬਦਲਾਅ ਲਿਆਉਣਾ ਚਾਹੀਦਾ ਹੈ ਜੋ ਵਰਤਮਾਨ ਸਮੇਂ ਦੇ ਅਨੁਕੂਲ ਹੋਵੇ। ਭਾਵੇਂ ਲਾਇਬ੍ਰੇਰੀ ਵਿੱਚ ਚੁੱਪ ਦੇ ਸੱਭਿਆਚਾਰ ਨੂੰ ਕਾਇਮ ਰੱਖਿਆ ਜਾਣਾ ਚਾਹੀਦਾ ਹੈ, ਪਾਠਕਾਂ ਲਈ ਲਾਇਬ੍ਰੇਰੀ ਦੇ ਅੰਦਰ ਸਰਗਰਮ ਵਿਚਾਰ ਵਟਾਂਦਰੇ ਲਈ ਥਾਂਵਾਂ ਨਿਰਧਾਰਤ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਆਈਆਈਐਮ ਤ੍ਰਿਚੀ ਵਰਗੀਆਂ ਕੁਝ ਚੰਗੀਆਂ ਲਾਇਬ੍ਰੇਰੀਆਂ ਵਿੱਚ, ਅਜਿਹੀਆਂ ਥਾਵਾਂ ਵੀ ਹਨ ਜਿੱਥੇ ਪਾਠਕ ਆਰਾਮ ਨਾਲ ਲੇਟ ਕੇ ਪੜ੍ਹ ਸਕਦੇ ਹਨ। ਇਸੇ ਤਰ੍ਹਾਂ ਬਹੁਤ ਸਾਰੀਆਂ ਲਾਇਬ੍ਰੇਰੀਆਂ ਵਿੱਚ ਲੈਪਟਾਪ ਦੀ ਵਰਤੋਂ 'ਤੇ ਪਾਬੰਦੀ ਹੈ। ਅਜੋਕੀ ਪੀੜ੍ਹੀ ਕਾਗਜ਼ ਦੀ ਬਜਾਏ ਆਪਣੇ ਇਲੈਕਟ?ਰਾਨਿਕ ਡਿਵਾਈਸਾਂ 'ਤੇ ਨੋਟ ਲੈਣ ਵਿਚ ਵਧੇਰੇ ਸੁਵਿਧਾਜਨਕ ਹੈ। ਜ਼ਿਆਦਾਤਰ ਜਨਤਕ ਤੌਰ 'ਤੇ ਸਮਰਥਿਤ ਲਾਇਬ੍ਰੇਰੀਆਂ ਵਿੱਚ ਡਿਜੀਟਲ ਸਰੋਤ ਵੀ ਉਪਲਬਧ ਹਨ, ਪਰ ਬਹੁਤ ਸਾਰੇ ਮਾਮਲਿਆਂ ਵਿੱਚ, ਉਪਭੋਗਤਾਵਾਂ ਨੂੰ ਕੰਪਿਊਟਰ ਸਿਸਟਮ ਦੀ ਵਰਤੋਂ ਕਰਨ ਲਈ ਵਾਧੂ ਭੁਗਤਾਨ ਕਰਨਾ ਪੈਂਦਾ ਹੈ, ਭਾਵੇਂ ਉਹਨਾਂ ਕੋਲ ਇੱਕ ਵੈਧ ਮੈਂਬਰਸ਼ਿਪ ਹੋਵੇ। ਲਾਇਬ੍ਰੇਰੀ ਵਿੱਚ ਉਪਲਬਧ ਡਿਜੀਟਲ ਸਰੋਤਾਂ ਨੂੰ ਸਾਰੇ ਮੈਂਬਰਾਂ ਲਈ ਉਨ੍ਹਾਂ ਦੇ ਘਰਾਂ ਤੋਂ ਵੀ ਪਹੁੰਚਯੋਗ ਬਣਾਇਆ ਜਾਣਾ ਚਾਹੀਦਾ ਹੈ, ਜਿਵੇਂ ਕਿ ਬ੍ਰਿਟਿਸ਼ ਕੌਂਸਲ ਲਾਇਬ੍ਰੇਰੀਆਂ ਕਰ ਰਹੀਆਂ ਹਨ।

ਲਾਇਬ੍ਰੇਰੀ ਗਿਆਨ ਦਾ ਮੰਦਰ ਹੈ ਅਤੇ ਇਸ ਡਿਜੀਟਲ ਯੁੱਗ ਵਿੱਚ ਵੀ ਹਜ਼ਾਰਾਂ ਲੋਕ ਗਿਆਨ ਇਕੱਤਰ ਕਰਨ ਲਈ ਸਿਰਫ਼ ਜਨਤਕ ਲਾਇਬ੍ਰੇਰੀਆਂ 'ਤੇ ਨਿਰਭਰ ਹਨ। ਆਰਥਿਕ ਤੌਰ 'ਤੇ ਹਾਸ਼ੀਏ ਵਾਲੇ ਵਰਗਾਂ ਦੇ ਵਿਦਿਆਰਥੀਆਂ ਲਈ, ਉਹ ਪ੍ਰਤੀਯੋਗੀ ਪ੍ਰੀਖਿਆਵਾਂ ਦੀ ਤਿਆਰੀ ਲਈ ਇਕੋ ਇਕ ਸਰੋਤ ਸਮੱਗਰੀ ਹਨ। ਭਾਵੇਂ ਭੌਤਿਕ ਲਾਇਬ੍ਰੇਰੀ ਦੀ ਲੋੜ ਬਾਰੇ ਵਿਚਾਰਾਂ ਦੇ ਮਤਭੇਦ ਹਨ, ਪਰ ਤੱਥ ਇਹ ਹੈ ਕਿ ਕੋਈ ਵੀ ਡਿਜੀਟਲ ਲਾਇਬ੍ਰੇਰੀ ਆਪਣੀ ਭੂਮਿਕਾ ਅਤੇ ਕਾਰਜ ਵਿੱਚ ਭੌਤਿਕ ਲਾਇਬ੍ਰੇਰੀ ਦੀ ਥਾਂ ਨਹੀਂ ਲੈ ਸਕਦੀ। ਇਸ ਯੁੱਗ ਵਿੱਚ ਜਾਣਕਾਰੀ ਅਸਲ ਵਿੱਚ ਸਾਡੇ ਸਮਾਰਟਫ਼ੋਨਾਂ ਤੋਂ ਇਕੱਠੀ ਕੀਤੀ ਜਾ ਸਕਦੀ ਹੈ, ਪਰ ਮਨੁੱਖੀ ਸੱਭਿਆਚਾਰ ਅਤੇ ਸਭਿਅਤਾ ਵਿੱਚ ਤਰੱਕੀ ਲਾਇਬ੍ਰੇਰੀਆਂ ਰਾਹੀਂ ਹੀ ਹੋ ਸਕਦੀ ਹੈ। ਇਸ ਪੀੜ੍ਹੀ ਦੇ ਲਾਇਬ੍ਰੇਰੀਅਨਾਂ ਨੂੰ ਨਾ ਸਿਰਫ਼ ਢੁਕਵੀਆਂ ਕਿਤਾਬਾਂ ਦਾ ਪਤਾ ਲਗਾਉਣ ਵਿੱਚ ਸਹਾਇਕ ਵਜੋਂ ਕੰਮ ਕਰਨਾ ਚਾਹੀਦਾ ਹੈ, ਸਗੋਂ ਡਿਜੀਟਲ ਪਲੇਟਫਾਰਮਾਂ ਤੋਂ ਪ੍ਰਮਾਣਿਕ ??ਸਰੋਤਾਂ ਨੂੰ ਲੱਭਣ ਵਿੱਚ ਵੀ ਸਹਾਇਕ ਵਜੋਂ ਕੰਮ ਕਰਨਾ ਚਾਹੀਦਾ ਹੈ।

**ਵਿਜੈ ਗਰਗ**
**ਰਿਟਾਇਰਡ ਪ੍ਰਿੰਸੀਪਲ**
**ਐਜੂਕੇਸ਼ਨਲ ਕਾਲਮਨਿਸਟ ਮਲੋਟ ਪੰਜਾਬ**


# ਪੌਂਗ ਡੈਮ ਤੋਂ ਪਾਣੀ ਦੀ ਨਿਕਾਸੀ 80,000 ਕਿਊਸਿਕ ਘੱਟ ਹੋਈ

**ਗੁਰਦਾਸਪੁਰ-ਨਵਨੀਤ ਕੁਮਾਰ**

ਬਿਆਸ ਦਰਿਆ ਦੇ ਪਾਣੀ ਦੀ ਮਾਰ ਹੇਠ ਆਏ ਇਲਾਕੇ ਦੇ ਲੋਕਾਂ ਲਈ ਪੌਂਗ ਡੈਮ ਤੋਂ ਰਾਹਤ ਦੀ ਖ਼ਬਰ ਆਈ ਹੈ। ਪੌਂਗ ਡੈਮ ਦੇ ਪ੍ਰਬੰਧਕਾਂ ਵੱਲੋਂ ਪਾਣੀ ਦੀ ਨਿਕਾਸੀ ਨੂੰ 80,000 ਕਿਊਸਿਕ ਘੱਟ ਕਰ ਦਿੱਤਾ ਹੈ ਜਿਸ ਨਾਲ ਦਰਿਆ ਬਿਆਸ ਵਿੱਚ ਪਾਣੀ ਦਾ ਪੱਧਰ ਘੱਟਦਾ ਜਾ ਰਿਹਾ ਹੈ। ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਇਹ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਕਿ 80000 ਕਿਊਸਿਕ ਪਾਣੀ ਘੱਟ ਹੋਣ ਤੋਂ ਬਾਅਦ ਹੁਣ ਦਰਿਆ ਬਿਆਸ ਦੇ ਪਾਣੀ ਦੇ ਪੱਧਰ ਵਿੱਚ ਕਮੀ ਆਵੇਗੀ ਜਿਸ ਨਾਲ ਬੇਟ ਇਲਾਕੇ ਵਿਚ ਪਾਣੀ ਦੀ ਮਾਰ ਹੇਠ ਆਏ ਇਲਾਕੇ ਦੇ ਲੋਕਾਂ ਨੂੰ ਵੀ ਵੱਡੀ ਰਾਹਤ ਮਿਲੇਗੀ। ਉਨ੍ਹਾਂ ਕਿਹਾ ਕਿ ਪਿੰਡ ਜਗਤਪੁਰ ਟਾਂਡਾ ਵਿਖੇ ਧੁੱਸੀ ਬੰਨ ▼ਚ ਪਏ ਪਾੜ ਨੂੰ ਪੂਰਨ ਦਾ ਕੰਮ ਜਾਰੀ ਹੈ ਅਤੇ ਪਾਣੀ ਘੱਟਣ ਨਾਲ ਰਿਪੇਅਰ ਦਾ ਕੰਮ ਵੀ ਅਸਾਨ ਹੋ ਸਕੇਗਾ। ਉਨ੍ਹਾਂ ਕਿਹਾ ਕਿ ਪਾਣੀ ਘੱਟਣ ਤੋਂ ਬਾਅਦ ਸਥਿਤੀ ਵਿੱਚ ਲਗਾਤਾਰ ਸੁਧਾਰ ਹੋ ਰਿਹਾ ਹੈ।

**ਪਾਣੀ ਦੀ ਨਿਕਾਸੀ ਘੱਟ ਹੋਣ ਨਾਲ ਦਰਿਆ ਬਿਆਸ ਦੇ ਪਾਣੀ ਦਾ ਪੱਧਰ ਘਟਿਆ**

ਰੋਜ਼ਾਨਾ ਲੋਕ ਬਾਣੀ



# ਖਾਲਸਾ ਕਾਲਜ ਵੱਲੋਂ 'ਵਿਸ਼ਵ ਫੋਟੋਗ੍ਰਾਫੀ' ਦਿਵਸ 'ਤੇ ਗੈਸਟ ਲੈਕਚਰ ਅੱਜ

**• ਅੰਮ੍ਰਿਤਸਰ**

ਖ਼ਾਲਸਾ ਕਾਲਜ ਦੇ ਜਰਨਲਿਜ਼ਮ ਐਂਡ ਮਾਸ ਕਮਿਊਨੀਕੇਸ਼ਨ ਵਿਭਾਗ ਵੱਲੋਂ 'ਵਿਸ਼ਵ ਫੋਟੋਗ੍ਰਾਫੀ' ਦਿਵਸ 'ਤੇ ਇਕ ਵਿਸ਼ੇਸ਼ ਗੈਸਟ ਲੈਕਚਰ 19 ਅਗਸਤ ਦਿਨ ਸ਼ਨੀਵਾਰ ਨੂੰ ਆਯੋਜਨ ਕੀਤਾ ਜਾ ਰਿਹਾ ਹੈ। ਕਾਲਜ ਪ੍ਰਿੰਸੀਪਲ ਡਾ. ਮਹਿਲ ਸਿੰਘ ਦੇ ਸਹਿਯੋਗ ਸਦਕਾ ਕਰਵਾਏ ਜਾ ਰਹੇ ਇਸ ਪ੍ਰੋਗਰਾਮ ਦਾ ਉਦੇਸ਼ ਫੋਟੋਗ੍ਰਾਫੀ 'ਚ ਦਿਲਚਸਪੀ ਰੱਖਦੇ ਵਿਦਿਆਰਥੀਆਂ ਨੂੰ ਇਸ ਖੇਤਰ 'ਚ ਸ਼ਾਮਿਲ ਤਕਨੀਕਾਂ ਸਿੱਖਣ 'ਚ ਸਹਾਇਤਾ ਪ੍ਰਦਾਨ ਕਰਨਾ ਹੋਵੇਗਾ ਇਸ ਸਬੰਧੀ ਜਾਣਕਾਰੀ ਦਿੰਦਿਆਂ ਪ੍ਰਿੰ: ਡਾ. ਮਹਿਲ ਸਿੰਘ ਨੇ ਕਿਹਾ ਕਿ ਵਿਭਾਗ ਮੁੱਖੀ ਡਾ. ਸਾਨੀਆ ਅਰੋੜਾ ਦੁਆਰਾ ਕੀਤੇ ਜਾ ਰਹੇ ਯਤਨਾਂ ਸਦਕਾ ਕਰਵਾਏ ਜਾ ਰਹੇ ਇਸ ਸਮਾਗਮ 'ਚ ਮੁੱਖ ਮਹਿਮਾਨ ਵਜੋਂ ਪ੍ਰਸਿੱਧ ਮਿਊਜ਼ਿਕ ਵੀਡੀਓ ਡਾਇਰੈਕਟਰ ਸ੍ਰੀ ਲਵਦੀਪ ਸੋਹਲ ਸ਼ਾਮਿਲ ਹੋਣਗੇ। ਉਨ੍ਹਾਂ ਕਿਹਾ ਕਿ ਸ੍ਰੀ ਸੋਹਲ ਪੰਜਾਬੀ ਮਿਊਜ਼ਿਕ ਇੰਡਸਟਰੀ ਦਾ ਜਾਣਿਆ-ਪਛਾਣਿਆ ਨਾਂ ਹੈ, ਜਿਨ੍ਹਾਂ ਨੇ ਕੁਝ ਸਮੇਂ 'ਚ ਹੀ ਪੰਜਾਬੀ ਸੰਗੀਤ ਉਦਯੋਗ 'ਚ ਸੰਗੀਤ ਵੀਡੀਓ ਨਿਰਦੇਸ਼ਕ ਅਤੇ ਫੋਟੋਗ੍ਰਾਫਰ ਵਜੋਂ ਨਾਮਣਾ ਖੱਟਿਆ ਹੈ ਅਤੇ ਉਹ 100 ਤੋਂ ਵੱਧ ਪੰਜਾਬੀ ਮਿਊਜ਼ਿਕ ਵੀਡੀਓਜ਼ ਕਰ ਚੁੱਕੇ ਹਨ। ਉਨ੍ਹਾਂ ਨੇ ਨੇਹਾ ਕੱਕੜ, ਪ੍ਰੀਤ ਹਰਪਾਲ, ਰੌਸ਼ਨ ਪ੍ਰਿੰਸ, ਖਾਨ ਸਾਬ, ਹਨੀ ਸਿੰਘ, ਵਡਾਲੀ ਬ੍ਰਦਰਜ਼, ਯੁਵਰਾਜ ਹੰਸ ਅਤੇ ਵਿੰਦੂ ਦਾਰਾ ਸਿੰਘ ਵਰਗੀਆਂ ਪ੍ਰਮੁੱਖ ਪੰਜਾਬੀ ਹਸਤੀਆਂ ਨਾਲ ਕੰਮ ਕੀਤਾ ਹੈ। ਪ੍ਰਿੰ: ਡਾ. ਮਹਿਲ ਸਿੰਘ ਨੇ ਕਿਹਾ ਕਿ ਇਸ ਵਿਸ਼ਵ ਫੋਟੋਗ੍ਰਾਫੀ ਦਿਵਸ ਨੂੰ ਮਨਾਉਣ ਦਾ ਮੁੱਖ ਮਕਸਦ ਵਿਦਿਆਰਥੀਆਂ ਨੂੰ ਫੋਟੋਗ੍ਰਾਫੀ ਦੇ ਵੱਧਦੇ ਮਹੱਤਵ ਸਬੰਧੀ ਅਤੇ ਡਿਜੀਟਲ ਪੱਤਰਕਾਰੀ ਬਾਰੇ ਵਿਹਾਰਕ ਤੌਰ 'ਤੇ ਜਾਣੂ ਕਰਵਾਉਣਾ ਹੈ। ਉਨ੍ਹਾਂ ਕਿਹਾ ਕਿ ਅਜਿਹੇ ਪ੍ਰੋਗਰਾਮ ਦੁਨੀਆ ਦੇ ਬਹੁਤ ਸਾਰੇ ਉਚ ਕਲਾਕਾਰਾਂ ਅਤੇ ਸ਼ੌਕੀਨ ਫੋਟੋਗ੍ਰਾਫਰਾਂ ਨੂੰ ਆਪਣੇ ਵਿਚਾਰਾਂ ਨੂੰ ਪ੍ਰਸਾਰਿਤ ਕਰਨ ਲਈ ਪ੍ਰੇਰਿਤ ਕਰਨਗੇ। ਇਸ ਮੌਕੇ ਡਾ. ਅਰੋੜਾ ਨੇ ਕਿਹਾ ਕਿ ਅਜਿਹੇ ਸਮਾਗਮਾਂ ਦਾ ਆਯੋਜਨ ਵਿਦਿਆਰਥੀਆਂ ਨੂੰ ਫੋਟੋਗ੍ਰਾਫੀ ਅਤੇ ਪੱਤਰਕਾਰੀ ਦੇ ਖੇਤਰ 'ਚ ਆਪਣਾ ਕੈਰੀਅਰ ਬਣਾਉਣ ਲਈ ਪ੍ਰੇਰਿਤ ਕਰੇਗਾ।

# ਸਾਬਕਾ ਸਾਂਸਦ ਹਲਕਾ ਸ਼੍ਰੀ ਅਨੰਦਪੁਰ ਸਾਹਿਬ ਪ੍ਰੋ ਪ੍ਰੇਮ ਸਿੰਘ ਚੰਦੂਮਾਜਰਾ ਬਾਬਾ ਗੁਰਦਿੱਤਾ ਜੀ ਚਾਂਦਪੁਰ ਰੁੜਕੀ ਵਿਖੇ ਹੋਏ ਨਤਮਸਤਕ



**• ਨਵਾਂਸ਼ਹਿਰ /ਬਲਾਚੌਰ/ਜਤਿੰਦਰ ਪਾਲ ਸਿੰਘ ਕਲੇਰ**

ਗੁਰੂਆਂ ਦੀ ਚਰਨ ਛੋਹ ਪ੍ਰਾਪਤ ਧਰਤੀ ਬਾਬਾ ਗੁਰਦਿੱਤਾ ਜੀ ਚਾਂਦਪੁਰ ਰੁੜਕੀ ਵਿਖੇ ਅੱਜ ਤੋਂ ਝੰਡਾ ਸਾਹਿਬ ਦੇ ਦਿਹਾੜੇ ਤੇ ਤਿੰਨ ਦਿਨਾਂ ਯੁਗੋ ਯੁਗ ਅਟੱਲ ਸ਼?ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼?ਰੀ ਅਖੰਡ ਪਾਠ ਸਾਹਿਬ ਦੀ ਸ਼ੁਰੂਆਤ ਕੀਤੀ ਗਈ। ਬਾਬਾ ਗੁਰਦਿੱਤਾ ਜੀ ਦੇ ਤਿੰਨ ਰੋਜਾ ਜੋੜ ਮੇਲੇ ਦਾ ਵੀ ਆਗਾਜ਼ ਹੋਇਆ ਜਿਸ ਵਿੱਚ ਸਾਬਕਾ ਸਾਂਸਦ ਹਲਕਾ ਸ਼?ਰੀ ਅਨੰਦਪੁਰ ਸਾਹਿਬ ਵਿਸ਼ੇਸ਼ ਤੌਰ ਤੇ ਨਤਮਸਤਕ ਹੋਣ ਲਈ ਪਹੁੰਚੇ ਉਹਨਾਂ ਸਰਬੱਤ ਦੇ ਭਲੇ ਲਈ ਬਾਬਾ ਗੁਰਦਿੱਤਾ ਜੀ ਦੇ ਚਰਨਾਂ ਵਿੱਚ ਅਰਦਾਸ ਵੀ ਕੀਤੀ। ਇਸ ਮੌਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਅਹੁਦੇਦਾਰਾਂ ਨੇ ਸਾਬਕਾ ਸਾਂਸਦ ਹਲਕਾ ਸ਼?ਰੀ ਅਨੰਦਪੁਰ ਪ੍ਰੋ ਪ੍ਰੇਮ ਸਿੰਘ ਚੰਦੂਮਾਜਰਾ ਨੂੰ ਸਿਰੋਪਾ ਪਾ ਕੇ ਸਨਮਾਨਿਤ ਵੀ ਕੀਤਾ।ਇਸ ਮੌਕੇ ਉਹਨਾਂ ਨਾਲ ਇਲਾਕੇ ਭਰ ਤੋਂ ਸੀਨੀਅਰ ਅਕਾਲੀ ਆਗੂ ਅਤੇ ਅਕਾਲੀ ਵਰਕਰ ਨੇ ਵੱਡੀ ਗਿਣਤੀ ਵਿੱਚ ਹਾਜ਼ਰੀ ਲਵਾਈ ਅਤੇ ਅਸ਼ੀਰਵਾਦ ਪ੍ਰਾਪਤ ਕੀਤਾ।

DIPS IMT
DIPS INSTITUTE OF MANAGEMENT & TECHNOLOGY
RAMNEEK AVENUE, PATHANKOT BYE PASS
JALANDHAR CITY
www.dipsimt@gmail.com ( dipsimt@gmail.com )
CONTACT : 95010-00697 , 97806-00998

# ਡਿਪਟੀ ਕਮਿਸ਼ਨਰ ਵੱਲੋਂ ਹੜ੍ਹ ਪ੍ਰਭਾਵਿਤ ਪਿੰਡਾਂ ਦਾ ਦੌਰਾ ਕਰਦਿਆਂ ਪ੍ਰਭਾਵਿਤ ਪਰਿਵਾਰਾਂ ਨਾਲ ਕੀਤੀ ਗੱਲਬਾਤ



**• ਸ੍ਰੀ ਅਨੰਦਪੁਰ ਸਾਹਿਬ /ਦਵਿੰਦਰਪਾਲ ਸਿੰਘ**

ਭਾਖੜੇ ਦੇ ਵਧੇ ਹੋਏ ਪਾਣੀ ਕਾਰਨ ਨੰਗਲ ਅਤੇ ਸ਼੍ਰੀ ਅਨੰਦਪੁਰ ਸਾਹਿਬ ਦੇ ਕਈ ਪਿੰਡ ਪਾਣੀ ਦੀ ਮਾਰ ਝੱਲ ਰਹੇ ਹਨ। ਡਿਪਟੀ ਕਮਿਸ਼ਨਰ ਰੂਪਨਗਰ ਡਾ. ਪ੍ਰੀਤੀ ਯਾਦਵ ਵੱਲੋਂ ਇਨ੍ਹਾਂ ਪਿੰਡਾਂ ਉੱਤੇ ਲਗਾਤਾਰ ਜ਼ਮੀਨੀ ਪੱਧਰ ਉਤੇ ਖੁੱਦ ਪਹੁੰਚ ਬਣਾ ਰੱਖੀ ਹੋਈ ਹੈ। ਇਸ ਮੌਕੇ ਉਨ੍ਹਾਂ ਪਿੰਡ ਹਰਸਾਂ ਬੇਲਾ, ਸ਼ਿਵ ਸਿੰਘ ਬੇਲਾ, ਲੋਧੀਪੁਰ ਬੁਰਜ, ਦਸਗਰਾਈਂ ਤੇ ਪਿੰਡ ਪੱਤੀ ਦੁਲਚੀ ਵਿਖੇ ਪਾਣੀ ਦੀ ਮਾਰ ਅਤੇ ਚੱਲ ਰਹੇ ਬਚਾਅ ਕਾਰਜਾਂ ਦਾ ਦੌਰਾ ਕੀਤਾ। ਡਾ. ਪ੍ਰੀਤੀ ਯਾਦਵ ਨੇ ਦੱਸਿਆ ਕਿ ਸਵਾਂ ਨਦੀ ਦੇ ਕੰਢਿਆਂ ਨੂੰ ਪੱਥਰਾਂ ਦਾ ਨਾਲ ਪੱਕਾ ਕੀਤਾ ਜਾ ਰਿਹਾ ਹੈ ਤਾਂ ਜੋ ਆਬਾਦੀ ਵਾਲੇ ਖੇਤਰਾਂ ਨੂੰ ਬਚਾਇਆ ਜਾ ਸਕੇ। ਡਾ. ਪ੍ਰੀਤੀ ਯਾਦਵ ਨੇ ਕਿਹਾ ਕਿ ਇਸ ਸਮੇਂ ਐਨ.ਡੀ.ਆਰ.ਐਫ਼ ਦੀਆਂ ਟੀਮਾਂ ਬਚਾਅ ਕਾਰਜ ਚਲਾ ਰਹੀਆਂ ਹਨ ਅਤੇ ਪ੍ਰਸ਼ਾਸਨ ਵੱਲੋਂ ਵੀ ਲਗਾਤਾਰ ਬਚਾਅ ਕਾਰਜ ਨਿਰੰਤਰ ਜਾਰੀ ਹਨ ਇਸ ਮੌਕੇ ਮੁੱਖ ਮੰਤਰੀ ਫ਼ੀਲਡ ਅਫਸਰ ਅਨਮਜੋਤ ਕੌਰ, ਐਸ ਡੀ ਐਮ ਮਨਦੀਪ ਸਿੰਘ ਢਿੱਲੋਂ, ਤਹਿਸੀਲਦਾਰ ਬਾਦਲ ਦੀਨ, ਡੀ ਐਸ ਪੀ ਸਤੀਸ਼ ਕੁਮਾਰ ਅਤੇ ਹੋਰ ਉੱਚ ਅਧਿਕਾਰੀ ਹਾਜ਼ਰ ਸਨ।



# ਔਰਤਾਂ ਦੇ ਸਸ਼ਕਤੀਕਰਨ ਅਤੇ ਦਲੇਰੀ ਦੀ ਇੱਕ ਦਿਲਚਸਪ ਕਹਾਣੀ 'ਬੂਹੇ-ਬਾਰੀਆਂ' ਦਾ ਟਰੇਲਰ ਹੋਇਆ ਰਿਲੀਜ਼

**• ਚੰਡੀਗੜ੍ਹ**

ਪੰਜਾਬੀ ਇੰਡਸਟਰੀ ਦੀ ਬਹੁਤ ਉਡੀਕੀ ਜਾ ਰਹੀ ਪੰਜਾਬੀ ਫਿਲਮ 'ਬੂਹੇ-ਬਾਰੀਆਂ' ਦਾ ਦੁਨੀਆ ਭਰ ਵਿਚ ਟਰੇਲਰ ਲਾਂਚ ਹੋ ਗਿਆ ਹੈ। ਫਿਲਮ 15 ਸਤੰਬਰ, 2023 ਨੂੰ ਰਿਲੀਜ਼ ਹੋਣ ਲਈ ਪੂਰੀ ਤਰ੍ਹਾਂ ਤਿਆਰ ਹੈ, ਇਹ ਫਿਲਮ ਦਰਸ਼ਕਾਂ ਦੇ ਦਿਲਾਂ 'ਤੇ ਅਮਿੱਟ ਛਾਪ ਛੱਡਣ ਲਈ ਤਿਆਰ ਹੈ। ਟਰੇਲਰ ਲਾਂਚ ਨੇ ਪੰਜਾਬੀ ਇੰਡਸਟਰੀ ਵਿੱਚ ਭਾਰੀ ਰੌਣਕ ਪੈਦਾ ਕਰ ਦਿੱਤੀ ਹੈ, ਜਿਸ ਵਿੱਚ 'ਬੂਹੇ-ਬਾਰੀਆਂ' ਦੁਆਰਾ ਪੇਸ਼ ਕਰਨ ਦਾ ਵਾਅਦਾ ਕੀਤਾ ਗਿਆ ਹੈ, ਉਸ ਤੀਬਰ ਅਤੇ ਭਾਵਨਾਤਮਕ ਯਾਤਰਾ ਦੀ ਇੱਕ ਝਲਕ ਪੇਸ਼ ਕੀਤੀ ਗਈ ਹੈ। ਇੱਕ ਮਨਮੋਹਕ ਕਹਾਣੀ ਅਤੇ ਸ਼ਕਤੀਸ਼ਾਲੀ ਪ੍ਰਦਰਸ਼ਨ ਦੇ ਨਾਲ, ਫਿਲਮ ਦਰਸ਼ਕਾਂ ਨੂੰ ਆਕਰਸ਼ਿਤ ਕਰਨ ਅਤੇ ਸਸ਼ਕਤੀਕਰਨ, ਸਮਾਨਤਾ, ਅਤੇ ਅਨਿਆਂ ਦੇ ਵਿਰੁੱਧ ਆਵਾਜ਼ ਉਠਾਉਣ ਦੀ ਮਹੱਤਤਾ ਬਾਰੇ ਅਰਥਪੂਰਨ ਗੱਲਬਾਤ ਸ਼ੁਰੂ ਕਰਨ ਲਈ ਤਿਆਰ ਹੈ।

'ਬੂਹੇ-ਬਾਰੀਆਂ' ਵਿੱਚ ਨੀਰੂ ਬਾਜਵਾ ਇੱਕ ਨਿਡਰ ਅਤੇ ਦ੍ਰਿੜ ਪੁਲਿਸ ਅਧਿਕਾਰੀ ਦੀ ਤਸਵੀਰ ਪੇਸ਼ ਕਰਦੀ ਹੈ। ਉਸਦੇ ਚਿੱਤਰਣ ਦੁਆਰਾ, ਫਿਲਮ ਇੱਕ ਔਰਤ ਦੀ ਯਾਤਰਾ ਦੀ ਪੜਚੋਲ ਕਰਦੀ ਹੈ ਜੋ ਔਰਤਾਂ ਦੇ ਅਧਿਕਾਰਾਂ ਲਈ ਅਡੋਲ ਖੜ੍ਹੀ ਹੈ। ਨਿਰਮਲ ਰਿਸ਼ੀ, ਜਸਵਿੰਦਰ ਬਰਾੜ, ਰੁਪਿੰਦਰ ਰੂਪੀ, ਰੁਬੀਨਾ ਬਾਜਵਾ, ਗੁਰਪ੍ਰੀਤ ਭੰਗੂ, ਅਤੇ ਹੋਰ ਵੀ ਆਪਣੀ ਕਮਾਲ ਦੀ ਪ੍ਰਤਿਭਾ ਦਾ ਯੋਗਦਾਨ ਪਾਉਂਦੇ ਹਨ, ਕਹਾਣੀ ਵਿਚ ਡੂੰਘਾਈ ਅਤੇ ਪ੍ਰਮਾਣਿਕਤਾ ਸ਼ਾਮਲ ਕਰਦੇ ਹਨ। ਸੰਤੋਸ਼ ਸੁਭਾਸ਼ ਥੀਟੇ, ਸਰਲਾ ਰਾਣੀ ਅਤੇ ਲੀਨੀਆਜ਼ ਐਂਟ. ਦੁਆਰਾ ਨਿਰਮਿਤ, ÷ਬੂਹੇ-ਬਾਰੀਆਂ÷ ਮਸ਼ਹੂਰ ਓਮਜੀ ਗਰੁੱਪ ਦੁਆਰਾ ਦੁਨੀਆ ਭਰ ਵਿੱਚ ਵੰਡਣ ਲਈ ਤਿਆਰ ਹੈ, ਜੋ ਦੂਰ-ਦੂਰ ਤੱਕ ਦਰਸ਼ਕਾਂ ਤੱਕ ਪਹੁੰਚਣ ਦਾ ਵਾਅਦਾ ਕਰਦਾ ਹੈ। ਫਿਲਮ ਨੀਰੂ ਬਾਜਵਾ ਐਂਟਰਟੇਨਮੈਂਟ, ਯੂ ਐਂਡ ਆਈ ਅਤੇ ਲੀਨੀਆਜ਼ ਐਂਟਰਟੇਨਮੈਂਟ ਦੇ ਬੈਨਰ ਤਿਆਰ ਕੀਤੀ ਗਈ ਹੈ ਤੇ ਜਗਦੀਪ ਵੜਿੰਗ ਦੁਆਰਾ ਲਿਖੀ ਤੇ ਉਦੈ ਪ੍ਰਤਾਪ ਸਿੰਘ ਦੁਆਰਾ ਡਾਇਰੈਕਟ ਕੀਤੀ ਗਈ ਹੈ। ਅਭਿਨੇਤਰੀ ਨੀਰੂ ਬਾਜਵਾ ਨੇ ਫਿਲਮ ਬਾਰੇ ਉਤਸ਼ਾਹ ਜ਼ਾਹਰ ਕਰਦੇ ਹੋਏ ਕਿਹਾ, ਮੈਂ 'ਬੂਹੇ-ਬਾਰੀਆਂ' ਦਾ ਟਰੇਲਰ ਪੇਸ਼ ਕਰਨ ਲਈ ਬਹੁਤ ਉਤਸ਼ਾਹਿਤ ਹਾਂ। ਇਹ ਫਿਲਮ ਮੇਰੇ ਦਿਲ ਵਿੱਚ ਇੱਕ ਵਿਸ਼ੇਸ਼ ਸਥਾਨ ਰੱਖਦੀ ਹੈ, ਅਤੇ ਮੈਂ ਤੁਹਾਡੇ ਲਈ ਇਸ ਦੀ ਇੱਕ ਝਲਕ ਪਾਉਣ ਲਈ ਉਤਸ਼ਾਹਿਤ ਹਾਂ। ਪੂਰੀ ਟੀਮ ਨੇ ਇਸ ਪ੍ਰੋਜੈਕਟ ਵਿੱਚ ਆਪਣਾ ਜਨੂੰਨ ਅਤੇ ਸਖ਼ਤ ਮਿਹਨਤ ਲਗਾਈ ਹੈ, ਅਤੇ ਮੈਂ ਦਰਸ਼ਕਾਂ ਦੇ ਫੀਡਬੈਕ ਸੁਣਨ ਲਈ ਬਹੁਤ ਉਤਸੁਕ ਹਾਂ।

# ਐਸ਼ ਐਸ ਡੀਏਵੀ ਸਕੂਲ 'ਚ ਮਨਾਇਆ ਤੀਆਂ ਦਾ ਤਿਉਹਾਰ



**• ਦੀਨਾਨਗਰ/ਡਾ.ਰਮੇਸ਼ ਸਰੰਗਲ, ਵਰੁਣ ਸਰੰਗਲ**

ਐਸ ਐਸ ਡੀ ਏ ਵੀ ਸੀਨੀਅਰ ਸੈਕੰਡਰੀ ਸਕੂਲ ਅਵਾਂਖਾ ਦੀਨਾਨਗਰ ਚ ਸਕੂਲ ਪ੍ਰਬੰਧਕ ਕਮੇਟੀ ਦੇ ਸਚਿਵ ਮਧੁਰ ਭਾਸ਼ਿਨੀ ਦੀ ਅਗਵਾਈ ਚ ਤੀਆਂ ਦਾ ਤਿਉਹਾਰ ਬੜੀ ਹੀ ਧੂਮਧਾਮ ਨਾਲ ਮਨਾਇਆ ਗਿਆ। ਇਸ ਵਿੱਚ ਮੁੱਖ ਮਹਿਮਾਨ ਸਾਬਕਾ ਪ੍ਰਿੰਸੀਪਲ ਕਮਲੇਸ਼ ਸ਼ਰਮਾ ਅਤੇ ਸ਼ਾਤਾ ਡੋਗਰਾ ਸ਼ਾਮਲ ਹੋਏ। ਇਸ ਪ੍ਰੋਗਰਾਮ ਚ ਤੀਸਰੀ ਜਮਾਤ ਤੋਂ ਲੈ ਕੇ 12 ਵੀਂ ਤੱਕ ਦੀਆਂ ਵਿਦਿਆਰਥਣਾਂ ਨੇ ਭਾਗ ਲਿਆ ਅਤੇ ਵੱਖ ਵੱਖ ਕਲਾ ਦਾ ਪ੍ਰਦਰਸ਼ਨ ਕੀਤਾ। ਵਿਦਿਆਰਥਣਾਂ ਨੇ ਨੱਚ ਗਾ ਕੇ ਵਿਰਸ਼ੇ ਨੂੰ ਦਰਸਾਇਆ। 12 ਵੀ ਜਮਾਤ ਦੀਆਂ ਵਿਦਿਆਰਥਣਾਂ ਨੇ ਮਾਤਲਿੰਗ ਚ ਭਾਗ ਲੈ ਕੇ ਆਪਣੇ ਹੁਨਰ ਦਾ ਪ੍ਰਦਰਸ਼ਨ ਕੀਤਾ। ਮੰਚ ਦਾ ਸੰਚਾਲਨ ਸ਼ੁਰੇਖਾ ਸੈਣੀ ਅਤੇ ਪ੍ਰੀਆ ਸ਼ਰਮਾ ਨੇ ਕੀਤਾ। ਸੰਜੂ ਅਤੇ ਸ਼ਲਾਖਾ ਨੇ ਜੱਜ ਦੀ ਭੂਮਿਕਾ ਨਿਭਾਈ। ਜਿਸ ਵਿੱਚ ਮਿਸ ਤੀਜ ਰਿਧਿਮਾ ਅਤੇ ਮਿਸ ਪੰਜਾਬਣ ਦਾ ਖਿਤਾਬ ਪਲਕ ਨੇ ਹਾਸਲ ਕੀਤਾ। ਮਧੁਰ ਭਾਸ਼ਿਨੀ, ਕਮਲੇਸ਼ ਸ਼ਰਮਾ ਅਤੇ ਸ਼ਾਤਾ ਡੋਗਰਾ ਨੇ ਬੱਚਿਆਂ ਦੀ ਪ੍ਰਤਿਭਾ ਦੀ ਪ੍ਰਸੰਸਾ ਕੀਤੀ ਅਤੇ ਵਧਾਈ ਦਿੱਤੀ। ਇਸ ਮੌਕੇ ਤੇ ਸਕੂਲ ਦੀ ਵਾਈਸ ਪ੍ਰਿੰਸੀਪਲ ਅਤੇ ਸਮੂਹ ਸਟਾਫ਼ ਹਾਜਰ ਸੀ।




publisher/chief Editor
Aman Mehra
lok bani (news Paper)
lokbani08@gmail.com
www.lokbani.com
mob:99155-94111

Head Office:
Lokbani Sangam complex,Milap chowk jalandhar
Mob. 99155-94111

ਮਾਲਕ, ਪ੍ਰਕਾਸ਼ਕ, ਪ੍ਰਿੰਟਰ ਤੇ ਸੰਪਾਦਕ ਅਮਨ ਮੇਹਰਾ ਨੇ 'ਲੋਕ ਬਾਣੀ' ਦਾ ਇਹ ਅੰਕ ਰਚਨਾ ਪ੍ਰਿੰਟਰ, ਰੇਲਵੇ ਰੋਡ ਜਲੰਧਰ (ਪੰਜਾਬ) ਤੋਂ ਛਪਵਾ ਕੇ ਦਫਤਰ 'ਲੋਕ ਬਾਣੀ' ਸੰਗਮ ਕੰਪਲੈਕਸ ਮਿਲਾਪ ਚੌਂਕ ਜਲੰਧਰ (ਪੰਜਾਬ) ਤੋਂ ਪ੍ਰਕਾਸ਼ਤ ਕੀਤਾ।
RNI. PUNPUN/29016/2008

मालिक, प्रकाशक, प्रिंटर व संपादक अमन मेहरा ने लोक बाणी का यह अंक रचना प्रिंटर, रेलवे रोड जलंधर ( पंजाब ) से छपवाकर दफ्तर लोक बाणी संगम कंपलेक्स मिलाप चौक जलंधर ( पंजाब ) से प्रकाशित किया।
RNI. PUNPUN/29016/2008

Editor, printers and publisher Aman Mehra, Printed at Rachna printers, Railwy Road Jalandhar (punjab) Office lokbani, Sangam complex Milap Chowk Jalandhar (punjab)
RNI. PUNPUN/29016/2008



